੧ੴ ਵਾਹਿਗੁਰੂ ਜੀ ਕੀ ਫ਼ਤਹਿ ॥

114

# ਤ੍ਵ ਪ੍ਰਸਾਦਿ ਸਵੱਯੇ ਸਟੀਕ

(ਸ੍ਰਾਵਗ ਸੁੱਧ ਸਮੂਹ ਸਿਧਾਨ ਕੇ.........)

# ਚੌਪਈ ਸਟੀਕ

(ਪ੍ਰਣਵੌ ਆਦਿ ਏਕੰਕਾਰਾ)

(ਪਾਤਿਸ਼ਾਹੀ ੧੦)

4 ਰੁਪਏ

ਸਿੱਖ ਮਿਸ਼ਨਰੀ ਕਾਲਜ (ਰਜਿ:)

ਲੁਧਿਆਣਾ

੧ੴ ਵਾਹਿਗੁਰੂ ਜੀ ਕੀ ਫ਼ਤਹਿ॥

ਪ੍ਰਕਾਸ਼ਨ ਨੰ: 114

# ਤ੍ਵ ਪ੍ਰਸਾਦਿ ਸਵੱਯੇ ਸਟੀਕ

(ਸ੍ਰਾਵਗ ਸੁੱਧ ਸਮੂਹ ਸਿਧਾਨ ਕੇ...)

# ਚੌਪਈ ਸਟੀਕ

(ਪ੍ਰਣਵੌਂ ਆਦਿ ਏਕੰਕਾਰਾ)

(ਪਾਤਿਸ਼ਾਹੀ ੧੦)

ਪ੍ਰਕਾਸ਼ਕ

ਸਿੱਖ ਮਿਸ਼ਨਰੀ ਕਾਲਜ (ਰਜਿ:)

ਲੁਧਿਆਣਾ।

ਤ੍ਵ ਪ੍ਰਸਾਦਿ ਸਵੱਯੇ ਸਟੀਕ

*ਅਤੇ*

ਚੌਪਈ ਸਟੀਕ

@ ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਪ੍ਰਕਾਸ਼ਕ : ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ।
ਛਾਪਕ : ਬਰਾਈਟ ਪ੍ਰਿੰਟਰਜ਼, ਜਲੰਧਰ।
ਟਾਈਪਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ। ਫੋਨ : 2432046

*ਮਿਲਣ ਦੇ ਪਤੇ :*

**ਸਿੱਖ ਮਿਸ਼ਨਰੀ ਕਾਲਜ (ਰਜਿ:)**

1051/14, ਫ਼ੀਲਡ ਗੰਜ, ਲੁਧਿਆਣਾ-141 008 ਫ਼ੋਨ : 0161-5021815
**Website : www.sikhmissionarycollege.org**
**E-mail : smcludh@satyam.net.in**

*ਸਬ-ਆਫ਼ਿਸ :*

C-135, ਮਾਨਸਰੋਵਰ ਗਾਰਡਨ, ਨਵੀਂ ਦਿੱਲੀ-110015 ਫੋਨ : 011-55330502

ਅਤੇ ਸਿੱਖ ਮਿਸ਼ਨਰੀ ਕਾਲਜ ਦੇ ਸਭ ਸਰਕਲਾਂ ਪਾਸੋਂ

# ਤ੍ਵ ਪ੍ਰਸਾਦਿ ॥ ਸਵੱਯੇ

ਨਿਤਨੇਮ ਦੀਆਂ ਬਾਣੀਆਂ ਵਿਚ ਇਸ ਪਵਿੱਤਰ ਬਾਣੀ ਦਾ ਪਾਠ ਜਪੁ ਜੀ ਤੇ ਜਾਪੁ ਸਾਹਿਬ ਮਗਰੋਂ ਕੀਤਾ ਜਾਂਦਾ ਹੈ। ਇਸ ਬਾਣੀ ਦੇ ਵਿਸ਼ਾ-ਵਸਤੂ ਦਾ ਆਪਣਾ ਸੁਤੰਤਰ ਅਸਥਾਨ ਹੈ। ਇਹ ਬਾਣੀ ਦਸਮ ਗ੍ਰੰਥ ਅੰਦਰ 'ਅਕਾਲ ਉਸਤਤਿ' ਵਿਚ ਅੰਕਿਤ ਹੈ। ਇਨ੍ਹਾਂ ਸਵੱਈਆਂ ਦੀ ਗਿਣਤੀ ੧੦ ਹੈ। ਇਸੇ ਗਿਣਤੀ ਦੇ ਹੋਰ ਸਵੱਯੇ ਵੀ ਅਕਾਲ ਉਸਤਤਿ ਵਿਚ ਦਰਜ ਹਨ ਜਿਨ੍ਹਾਂ ਦਾ ਅਰੰਭ **"ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ"** ਤੋਂ ਹੁੰਦਾ ਹੈ। ਪਰ ਅੰਮ੍ਰਿਤ ਸੰਚਾਰ ਸਮੇਂ "ਸ੍ਰਾਵਗ ਸੁਧ ਸਮੂਹ ਸਿਧਾਨ ਕੇ ........" ਦਸ ਸਵੱਯੇ ਹੀ ਪੜ੍ਹੇ ਜਾਂਦੇ ਹਨ। ਦਸਮ ਗ੍ਰੰਥ ਵਿਚ ਇਸ ਬਾਣੀ ਦਾ ਸਿਰਲੇਖ "ਤ੍ਵ ਪ੍ਰਸਾਦਿ ਸਵੱਯੇ" ਹੈ ਪਰ ਸਿੱਖ ਜਗਤ ਵਿਚ ਇਸ ਬਾਣੀ ਦੇ ਹੇਠ ਲਿਖੇ ਕਈ ਨਾਂ ਪ੍ਰਸਿੱਧ ਹਨ :

੧. ਤ੍ਵ ਪ੍ਰਸਾਦਿ ਸਵੱਯੇ ; ੨. ਸਵੱਯੇ ਅਕਾਲ ਉਸਤਤਿ ਵਿਚੋਂ ;

੩. ਸੁੱਧਾ (ਅੰਮ੍ਰਿਤ) ਸਵੱਯੇ ; ੪. ਸਵੱਯੇ ਪਾਤਸ਼ਾਹੀ ੧੦

ਇਨ੍ਹਾਂ ਸਵੱਈਆਂ ਦੇ ਪਾਠ ਤੋਂ ਇਸ ਗੱਲ ਦਾ ਚਾਨਣ ਹੋ ਜਾਂਦਾ ਹੈ ਕਿ ਸੰਸਾਰ ਦੇ ਜਿਤਨੇ ਮਤ—ਜੈਨੀ, ਬੋਧੀ, ਜੋਗੀ, ਸੰਨਿਆਸੀ ਆਦਿ ਹਨ, ਸਭ ਆਪੋ-ਆਪਣੇ ਭੇਖਾਂ ਵਿਚ ਭਰਮਦੇ ਭਟਕਦੇ ਪਏ ਹਨ। ਭੇਖਾਂ ਨਾਲ ਅਭੇਖ (ਪਰਮਾਤਮਾ) ਦੀ ਪ੍ਰਾਪਤੀ ਨਹੀਂ ਹੁੰਦੀ। ਸਾਰੇ ਮਤਾਂ-ਮਤਾਂਤਰਾਂ ਦੇ ਅਧਿਐਨ ਉਪਰੰਤ ਆਲੋਚਨਾ ਕਰਦੇ ਹੋਏ ਗੁਰਦੇਵ ਜੀ ਫੁਰਮਾਉਂਦੇ ਹਨ :

***"ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰੱਤੀ ਕੇ ॥"***

ਤੀਰਥ ਇਸ਼ਨਾਨ, ਜਪ, ਤਪ, ਦਾਨ, ਨੇਮ, ਸੰਜਮ, ਸਮਾਧੀਆਂ ਆਦਿ ਸਭ ਫੋਕਟ ਸਾਧਨ ਹਨ। ਇਨ੍ਹਾਂ ਨਾਲ ਰੱਬ ਦੀ ਪ੍ਰਾਪਤੀ ਨਹੀਂ ਹੁੰਦੀ। ਦੁਨੀਆਂ ਦੀਆਂ ਮੌਜਾਂ, ਬਹਾਰਾਂ, ਰਾਜ ਭਾਗ, ਸਭ ਨਾਸ਼ਵੰਤ ਖੁਸ਼ੀਆਂ ਹਨ। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਰੱਬੀ-ਸੰਤ ਹਮੇਸ਼ਾ ਸੰਸਾਰ 'ਤੇ ਪ੍ਰਸੰਨ ਹੋ ਕੇ ਵਿਚਰਨਗੇ ਅਤੇ ਧਰਮ ਦੇ ਦੋਖੀਆਂ ਦਾ ਨਾਮੋ-ਨਿਸ਼ਾਨ ਮਿਟ ਜਾਵੇਗਾ, ਭਾਵ ਅਧਰਮੀਆਂ ਦੀ ਜੜ੍ਹ ਪੁੱਟੀ ਜਾਵੇਗੀ ਤੇ ਧਰਮ ਦੀ ਵੇਲ ਸਦਾ ਹਰੀ-ਭਰੀ (ਪ੍ਰਫੁੱਲਤ) ਰਹੇਗੀ। ਜਿਤਨੇ ਵੱਡੇ ਤੋਂ ਵੱਡੇ ਦੇਵਤੇ ਅਤੇ ਦਾਨੀ ਲੋਕ ਹਨ ਸਭ ਆਵਾਗਉਣ ਦੇ ਚੱਕਰ ਵਿਚ ਪਏ ਰਹਿਣਗੇ; ਭਾਵ, ਇਨ੍ਹਾਂ ਕਰਮਾਂ ਨਾਲ ਛੁਟਕਾਰਾ ਨਹੀਂ ਹੋਵੇਗਾ। ਜੀਵਨ-ਮੁਕਤ ਹੋਣ ਦਾ ਇਕੋ ਇਕ ਸਾਧਨ ਹੈ—'ਅਕਾਲ ਪੁਰਖ ਦੇ ਚਰਨ ਪਰਸਣੇ'; ਜਿਵੇਂ ਕਿ ਗੁਰੂ ਜੀ ਨੇ ਫੁਰਮਾਇਆ ਹੈ :

***"ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ, ਤੇ ਨਰ ਫੇਰ ਨ ਦੇਹ ਧਰੈਂਗੇ ॥"***

'ਚਰਣ-ਪਰਸਣੇ' ਕੀ ਹਨ ?ਸਭ ਸਾਧਨਾਂ ਦਾ ਤਿਆਗ ਕਰਕੇ ਸੱਚੇ ਦਿਲੋਂ ਕੇਵਲ ਵਾਹਿਗੁਰੂ ਜੀ ਨਾਲ ਪਿਆਰ ਕਰਨਾ। ਪ੍ਰੇਮ ਦੇ ਮੁਕਾਬਲੇ ਤੇ ਹਰੇਕ ਚੀਜ਼ ਤੁੱਛ ਹੈ। ਸੋ ਸਾਰੇ ਭਰਮ-ਜਾਲਾਂ ਵਿਚੋਂ ਕੱਢ ਕੇ ਗੁਰੂ ਜੀ ਨੇ ਸਾਨੂੰ ਤੱਤ ਵਾਲੀ ਗੱਲ ਦੱਸੀ ਹੈ :

***"ਸਾਚੁ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ, ਤਿਨ ਹੀ ਪ੍ਰਭ ਪਾਇਓ॥"***[9]

ਅੰਤ ਵਿਚ ਪੱਥਰ ਪੂਜਕਾਂ, ਰੱਬ ਦਾ ਘਰ ਪੂਰਬ ਅਤੇ ਪੱਛਮ ਵੱਲ ਮੰਨਣ ਵਾਲਿਆਂ ਉੱਤੇ ਕਰਾਰੀ ਚੋਟ ਲਾ ਕੇ ਇਉਂ ਫੁਰਮਾਇਆ ਹੈ :

***"ਕੂਰ ਕ੍ਰਿਆ ਉਰਝਿਓ ਸਭ ਹੀ ਜਗ,***
***ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥"***

ਇਸ ਬਾਣੀ ਦਾ ਉਚਾਰਣ ਵੀ 'ਪਾਂਵਟਾ ਸਾਹਿਬ' ਦੇ ਪਵਿੱਤਰ ਅਸਥਾਨ 'ਤੇ ਕੀਤੇ ਜਾਣ ਦੀ ਰਵਾਇਤ ਪ੍ਰਚੱਲਤ ਹੈ। ਕਿਉਂਕਿ 'ਨਾਹਨ' ਦੇ ਰਾਜਾ ਨੂੰ ਇਸ ਬਾਣੀ ਰਾਹੀਂ ਉਪਦੇਸ਼ ਦਿੱਤਾ ਗਿਆ ਸੀ। ਪਰੰਤੂ ਲਿਖਤੀ ਰੂਪ ਵਿਚ ਇਸ ਬਾਣੀ ਦਾ ਕੋਈ ਇਤਿਹਾਸਕ ਪਿਛੋਕੜ ਸਾਡੇ ਕੋਲ ਨਹੀਂ ਹੈ।

**ਸਮੁੱਚਾ ਭਾਵ—**

(੧) ਦੁਨੀਆਂ ਵਿਚ ਚਾਹੇ ਕਿਤਨਾ ਹੀ ਉੱਚਾ ਪਰਤਾਪ ਬਣ ਜਾਏ, ਅੰਤ ਵੇਲੇ ਇਹ ਏਥੇ ਹੀ ਰਹਿ ਜਾਂਦਾ ਹੈ। ਸੋ ਦੁਨੀਆਂ ਵਾਲਾ ਵਡੱਪਣ ਜੀਵਨ ਦਾ ਮਨੋਰਥ ਨਹੀਂ।

(੨) ਤੀਰਥ-ਇਸ਼ਨਾਨ, ਦਾਨ-ਪੁੰਨ, ਅੰਨ-ਪੂਜਾ ਆਦਿਕ ਕਰਮ ਵੀ ਰੱਬ ਨਾਲ ਨਹੀਂ ਮਿਲਾ ਸਕਦੇ।

(੩) ਰੱਬ ਨੂੰ ਕਿਸੇ ਖਾਸ ਅਸਥਾਨ ਵਿਚ ਵਸਦਾ ਮਿੱਥ ਲੈਣਾ ਵੀ ਗ਼ਲਤੀ ਹੈ।

(੪) ਜੀਵਨ ਦਾ ਸਹੀ ਰਸਤਾ ਕੇਵਲ ਉਹ ਮਤ ਦੱਸ ਸਕਦਾ ਹੈ ਜੋ ਸਿਮਰਨ ਦੇ ਰਾਹ ਤੇ ਤੋਰ ਕੇ ਪਰਮਾਤਮਾ ਨਾਲ ਪਿਆਰ ਕਰਨ ਦੀ ਜਾਚ ਸਿਖਾਂਦਾ ਹੈ, ਜੋ ਸਾਰੀ ਹੀ ਸ੍ਰਿਸ਼ਟੀ ਦਾ ਕਰਤਾ ਹੈ।

**ਮੁੱਖ ਭਾਵ—**

ਮਨੁੱਖਾ ਜੀਵਨ ਦਾ ਅਸਲ ਮਨੋਰਥ ਹੈ 'ਸਰਬ ਵਿਆਪਕ ਪਰਮਾਤਮਾ ਨਾਲ ਪਿਆਰ ਕਰਨਾ।' ਇਹ ਪਿਆਰ 'ਸਿਮਰਨ' ਰਾਹੀਂ ਹੀ ਬਣ ਸਕਦਾ ਹੈ, ਹੋਰ ਕੋਈ ਸਾਧਨ ਕਾਮਯਾਬ ਨਹੀਂ ਹੋ ਸਕਦਾ।

# ਸਵੱਯੇ ਸਟੀਕ

## ੧ੴ ਸਤਿਗੁਰ ਪ੍ਰਸਾਦਿ॥

## ਤ੍ਵ ਪ੍ਰਸਾਦਿ॥ ਸਵੱਯੇ

ਹੇ ਵਾਹਿਗੁਰੂ! ਤੇਰੀ ਕ੍ਰਿਪਾ ਨਾਲ ਸਵੱਯੇ ਉਚਾਰਦਾ ਹਾਂ।

**ਪਾਤਿਸ਼ਾਹੀ ੧੦***

ਦਸਵੀਂ ਪਾਤਸ਼ਾਹੀ (ਦਸਵੇਂ ਗੁਰੂ ਜੀ) ਦੀ ਰਚਨਾ

***ਸ੍ਰਾਵਗ ਸੁੱਧ ਸਮੂਹ ਸਿਧਾਨ ਕੇ,***
***ਦੇਖਿ ਫਿਰਿਓ ਘਰ ਜੋਗ ਜਤੀ ਕੇ॥***

**ਪਦ-ਅਰਥ :** **ਸ੍ਰਾਵਗ**—ਜੈਨੀ, ਬੁੱਧ ਧਰਮ ਦੇ ਭਿਖਸ਼ੂ (ਸਾਧੂ)। **ਸੁੱਧ**—ਸੋਧੀ, ਸੁੱਚ ਰੱਖਣ ਵਾਲੇ, ਕਰਮ-ਕਾਂਡੀ। **ਸਮੂਹ**—ਟੋਲੇ। **ਸਿਧਾਨ**—ਸਿੱਧਾਂ, ਪੁੱਗੇ ਹੋਏ ਜੋਗੀਆਂ। **ਘਰ**—ਡੇਰੇ। **ਜੋਗ**—ਜੋਗੀ। **ਜਤੀ**—ਬ੍ਰਹਮਚਾਰੀ, ਸੰਨਿਆਸੀ।

**ਅਰਥ :** ਮੈਂ ਜੈਨੀ, ਬੁੱਧ ਧਰਮ ਦੇ ਸਾਧੂ, ਪੁੱਗੇ ਹੋਏ ਜੋਗੀਆਂ ਦੇ ਟੋਲੇ, ਜੋਗੀਆਂ ਤੇ ਬ੍ਰਹਮਚਾਰੀਆਂ ਦੇ ਡੇਰੇ ਸਭ ਵੇਖ ਚੁਕਿਆ ਹਾਂ।

***ਸੂਰ ਸੁਰਾਰਦਨ ਸੁੱਧ ਸੁਧਾਦਿਕ,***
***ਸੰਤ ਸਮੂਹ ਅਨੇਕ ਮਤੀ ਕੇ॥***

**ਪਦ-ਅਰਥ :** **ਸੂਰ**—ਸੂਰਮੇ। **ਸੁਰਾਰਦਨ**—ਦੇਵਤਿਆਂ ਨੂੰ ਮਾਰਨ ਵਾਲੇ, ਦੇਵਤਿਆਂ ਦੇ ਵੈਰੀ, ਦੈਂਤ, ਰਾਖਸ਼। **ਸੁੱਧ**—ਪਵਿੱਤਰ। **ਸੁਧਾਇਕ**—ਅੰਮ੍ਰਿਤ ਪੀਣ ਵਾਲੇ ਦੇਵਤੇ। **ਸੰਤ ਸਮੂਹ**—ਸੰਤਾਂ ਦੇ ਟੋਲੇ। **ਅਨੇਕ ਮਤੀ ਕੇ**—ਹੋਰ ਕਈ ਮੱਤਾਂ ਦੇ।

**ਅਰਥ :** ਸੂਰਮੇ, ਦੈਂਤ, ਪਵਿੱਤਰ ਅੰਮ੍ਰਿਤ ਪੀਣ ਵਾਲੇ ਦੇਵਤੇ ਅਤੇ ਕਈ ਹੋਰ ਮੱਤਾਂ ਦੇ ਸੰਤਾਂ ਦੇ ਟੋਲੇ ਵੀ ਵੇਖ ਆਇਆ ਹਾਂ।

***ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ,***
***ਕੋਊ ਨ ਦੇਖੀਅਤ ਪ੍ਰਾਨਪਤੀ ਕੇ॥***

**ਪਦ-ਅਰਥ :** ਪ੍ਰਾਨਪਤੀ—ਜਿੰਦ ਦਾ ਮਾਲਕ, ਪਰਮਾਤਮਾ।

---

*ਇਸ ਦਾ ਸ਼ੁੱਧ ਪਾਠ ਹੈ 'ਪਾਤਸ਼ਾਹੀ ਦੁਸਵੀਂ '। ਪਾਤਸ਼ਾਹੀ ਦਸ ਪਾਠ ਅਸ਼ੁੱਧ ਹੈਂ, ਜਿਵੇਂ 'ਮਹਲਾ ੧, ੨ .....' ਦਾ ਪਾਠ, ਮਹਲਾ ਪਹਿਲਾ, ਦੂਜਾ......' ਸ਼ੁੱਧ ਅਤੇ 'ਮਹਲਾ ਇਕ ਦੋ.....' ਅਸ਼ੁੱਧ ਹੁੰਦਾ ਹੈ।

**ਇਹ ਬਾਣੀ ਦਸਮ ਗ੍ਰੰਥ ਵਿਚਲੀ ਬਾਣੀ 'ਅਕਾਲ ਉਸਤਤਿ' ਵਿਚੋਂ ਲਈ ਗਈ ਹੈਂ, ਇਸਦੇ ਮੂਲ ਪਾਠ ਵਿੱਚ ਕੋਈ ਮੰਗਲ ਦਰਜ ਨਹੀਂ ਹੈ। ਕੇਵਲ ਇਕਸਾਰਤਾ ਲਈ ਇਸਦਾ ਆਰੰਭ ੧ੴ ਸਤਿਗੁਰੁ ਪ੍ਰਸਾਦਿ ਦੇ ਮੰਗਲ ਨਾਲ ਕਰਨਾ ਠੀਕ ਹੈ।

**ਅਰਥ** : ਸਾਰੇ ਹੀ ਦੇਸ਼ ਦੇ ਧਰਮਾਂ ਨੂੰ ਵੇਖ ਚੁਕਿਆ ਹਾਂ, ਪਰ ਕੋਈ ਵੀ ਮਤ ਜਿੰਦ ਦੇ ਮਾਲਕ ਪਰਮਾਤਮਾ ਦਾ ਨਹੀਂ ਦਿੱਸਦਾ।

***ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ***
***ਏਕ ਰਤੀ ਬਿਨੁ, ਏਕ ਰਤੀ ਕੇ॥ ੧ ॥***

**ਪਦ-ਅਰਥ** : ਭਾਇ—ਪਿਆਰ, ਸ਼ਰਧਾ। ਰਤੀ—ਪਿਆਰ, ਪ੍ਰੇਮ। ਰਤੀ—ਰੱਤੀ ਭਰ।

**ਅਰਥ** : ਜੇ ਪਰਮਾਤਮਾ ਵਿਚ ਸ਼ਰਧਾ ਨਹੀਂ ਬਣੀ, ਜੇ ਵਾਹਿਗੁਰੂ ਪਿਆਰ ਤੋਂ ਸੱਖਣੇ ਰਹੇ, ਜੇ ਭਗਵਾਨ ਦੀ ਮਿਹਰ ਦੀ ਨਜ਼ਰ ਨਹੀਂ ਹੋਈ, ਤਾਂ ਇਹਨਾਂ ਸਭ ਮੱਤਾਂ-ਮਤਾਤਰਾਂ ਦਾ ਮੁੱਲ ਇਕ ਰੱਤੀ ਜਿੰਨਾ ਸਮਝੋ॥ ੧ ॥

**ਭਾਵ** : ਹਰੇਕ ਮਤ ਦਾ ਮੁੱਖ ਪ੍ਰਯੋਜਨ ਇਹ ਚਾਹੀਦਾ ਹੈ ਕਿ ਉਹ ਪਰਮਾਤਮਾ ਨਾਲ ਪਿਆਰ ਕਰਨ ਦਾ ਰਾਹ ਦੱਸੇ, ਜੇ ਇਹ ਨਹੀਂ ਤਾਂ ਉਸ ਦਾ ਮੁੱਲ ਰਤੀ ਮਾਤਰ ਹੀ ਸਮਝੋ।

**ਸ਼ਬਦ ਉਚਾਰਨ** :

(ੳ) ਮਤੀ ਸ਼ਬਦ ਦਾ ਉਚਾਰਨ ਬਿੰਦੀ ਸਹਿਤ 'ਮਤੀਂ' ਕਰਨਾ ਹੈ।

(ਅ) 'ਸਾਰੇ ਹੀ ਦੇਸ ਕੋ ਦੇਖਿ ਰਹਿਓ' ਮਗਰੋਂ ਬਿਸਰਾਮ ਦੇਣਾ ਅਸ਼ੁਧ ਹੈ। ਸ਼ੁਧ ਬਿਸਰਾਮ 'ਮਤ' ਮਗਰੋਂ ਦੇਣਾ ਹੈ। ਸ਼ੁਧ ਪਾਠ ਹੈ 'ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ'।

(ੲ) 'ਏਕ ਰਤੀ ਬਿਨ' ਵਿਚ 'ਰਤੀ' ਸ਼ਬਦ ਬਿੰਦੀ ਅਤੇ ਅੱਧਕ ਰਹਿਤ 'ਰਤੀ' ਉਚਾਰਨ ਕਰਨਾ ਹੈ, ਪਰ 'ਏਕ ਰਤੀ ਕੇ' ਵਿਚ 'ਰਤੀ' ਦਾ ਸ਼ੁਧ ਉਚਾਰਨ 'ਰੱਤੀ' ਅੱਧਕ ਸਹਿਤ ਕਰਨਾ ਹੈ।

***ਮਾਤੇ ਮਤੰਗ ਜਰੇ ਜਰ ਸੰਗ***
***ਅਨੂਪ ਉਤੰਗ ਸੁਰੰਗ ਸਵਾਰੇ॥***

**ਪਦ-ਅਰਥ** : ਮਾਤੇ—ਮਸਤੇ ਹੋਏ। ਮਤੰਗ—ਹਾਥੀ। ਜਰੇ—ਜੜੇ ਹੋਏ, ਸਜਾਏ ਹੋਏ। ਜਰ—ਸੋਨਾ। ਸੰਗ—ਨਾਲ। ਅਨੂਪ—ਬੇ-ਮਿਸਾਲ। ਉਤੰਗ—ਉੱਚੇ ਕੱਦ ਵਾਲੇ। ਸੁਰੰਗ—ਸੋਹਣੇ ਰੰਗ ਵਾਲੇ।

**ਅਰਥ** : ਜੋ ਸੋਨੇ ਦੇ ਗਹਿਣਿਆਂ ਨਾਲ ਸਜਾਏ ਹੋਏ ਅਤੀ ਸੁੰਦਰ (ਬੇ-ਮਿਸਾਲ), ਉੱਚੇ ਕੱਦ ਵਾਲੇ ਤੇ ਸੋਹਣੇ ਰੰਗਾਂ ਨਾਲ ਸਜਾਏ ਸਵਾਰੇ ਮਸਤ ਹਾਥੀ ਹੋਣ।

***ਕੋਟਿ ਤੁਰੰਗ ਕੁਰੰਗ ਸੇ ਕੂਦਤ***
***ਪਉਨ ਕੇ ਗਉਨ ਕੋ ਜਾਤ ਨਿਵਾਰੇ॥***

**ਪਦ-ਅਰਥ** : **ਕੋਟਿ**—ਕਰੋੜਾਂ। **ਤੁਰੰਗ**—ਘੋੜੇ। **ਕੁਰੰਗ**—ਹਰਨ। **ਸੇ**—ਵਾਂਗ। **ਪਉਨ**—ਹਵਾ। **ਗਉਨ**—ਚਾਲ। **ਜਾਤ-ਨਿਵਾਰੇ**—ਮਾਤ ਕਰੀ ਜਾਣ।

**ਅਰਥ** : ਜੇ ਕਰੋੜਾਂ ਹੀ ਘੋੜੇ ਹੋਣ ਜੋ ਹਰਨਾਂ ਵਾਂਗ ਛਾਲਾਂ ਮਾਰਦੇ ਹੋਣ ਅਤੇ ਇੰਨੇ ਤੇਜ਼ ਚਲਦੇ ਹੋਣ ਕਿ ਹਵਾ ਦੀ ਚਾਲ ਨੂੰ ਵੀ ਮਾਤ ਕਰੀ ਜਾਣ।

*ਭਾਰੀ ਭੁਜਾਨ ਕੇ ਭੂਪ ਭਲੀ ਬਿਧਿ*
*ਨਿਆਵਤ ਸੀਸ, ਨ ਜਾਤ ਬਿਚਾਰੇ ॥*

**ਪਦ-ਅਰਥ** : **ਭੁਜਾਨ**—ਬਾਹਵਾਂ। **ਭੂਪ**—ਰਾਜੇ। **ਭਲੀ ਬਿਧਿ**—ਚੰਗੀ ਤਰ੍ਹਾਂ। **ਸੀਸ**—ਸਿਰ। **ਨ ਜਾਤ ਬਿਚਾਰੇ**—ਅੰਦਾਜ਼ਾ ਨਹੀਂ ਲਾਇਆ ਜਾ ਸਕਦਾ।

**ਅਰਥ** : ਜੇ ਵੱਡੀਆਂ ਜ਼ੋਰਾਵਰ ਬਾਹਵਾਂ ਵਾਲੇ ਰਾਜੇ, ਜੋ ਚੰਗੀ ਤਰ੍ਹਾਂ ਪ੍ਰਸਿੱਧ ਹੋਣ ਅਤੇ ਉਨ੍ਹਾਂ ਦੇ ਸਾਹਮਣੇ ਸਿਰ ਝੁਕਾਉਣ ਵਾਲਿਆਂ ਦੀ ਗਿਣਤੀ ਦਾ ਅੰਦਾਜ਼ਾ ਨਾ ਲਗ ਸਕੇ।

*ਏਤੇ ਭਏ ਤੁ ਕਹਾ ਭਏ ਭੂਪਤਿ*
*ਅੰਤ ਕੋ ਨਾਂਗੇ ਹੀ ਪਾਂਇ ਪਧਾਰੇ ॥ ੨ ॥*

**ਪਦ-ਅਰਥ** : **ਏਤੇ**—ਇੰਨੇ ਵੱਡੇ। **ਭਏ**—ਹੋਏ। **ਭੂਪਤਿ**—ਰਾਜੇ। **ਪਾਂਇ**—ਪੈਰ। **ਪਧਾਰੇ**—ਤੁਰ ਗਏ, ਤੁਰ ਜਾਂਦੇ ਹਨ।

**ਅਰਥ** : ਇੰਨੇ ਵੱਡੇ ਤੇਜ ਪ੍ਰਤਾਪ ਵਾਲੇ ਰਾਜੇ ਵੀ ਹੋਣ, ਤਾਂ ਵੀ ਕੀ ਹੋਇਆ? ਅਖੀਰ ਵੇਲੇ ਤਾਂ ਦੁਨੀਆਂ ਤੋਂ ਨੰਗੇ ਪੈਰੀਂ ਹੀ ਤੁਰ ਜਾਂਦੇ ਹਨ॥ ੨ ॥

**ਭਾਵ** : ਦੁਨੀਆਂ ਵਿਚ ਚਾਹੇ ਕਿਤਨਾ ਵੀ ਵੱਡਾ ਪਰਤਾਪ ਬਣ ਜਾਏ, ਇਸ ਦਾ ਮਾਣ ਕੂੜਾ ਹੈ ਕਿਉਂਕਿ ਅਖ਼ੀਰ ਵੇਲੇ ਹਰੇਕ ਜੀਵ ਏਥੋਂ ਖਾਲੀ ਹੀ ਜਾਂਦਾ ਹੈ।

**ਸ਼ਬਦ ਉਚਾਰਨ** :

(ੳ) 'ਜਰੇ' ਦਾ ਉਚਾਰਨ 'ਜਰ੍ਹੇ' ਅਤੇ ਜਰ ਦਾ ਉਚਾਰਨ 'ਜ਼ਰ' ਕਰਨਾ ਹੈ।

(ਅ) 'ਕਹਾ' ਅਤੇ 'ਪਾਇ' ਸ਼ਬਦਾਂ ਦਾ ਉਚਾਰਨ ਬਿੰਦੀ ਸਹਿਤ 'ਕਹਾਂ' ਅਤੇ 'ਪਾਂਇ' ਕਰਨਾ ਹੈ।

*ਜੀਤ ਫਿਰੈ ਸਭ ਦੇਸ ਦਿਸਾਨ ਕੋ*
*ਬਾਜਤ ਢੋਲ ਮ੍ਰਿਦੰਗ ਨਗਾਰੇ ॥*

**ਪਦ-ਅਰਥ** : **ਦਿਸਾਨ ਕੋ**—ਹੋਰ ਹੋਰ ਦੇਸ਼ਾਂ ਨੂੰ। **ਮ੍ਰਿਦੰਗ**—ਖੱਲ ਨਾਲ ਮੜ੍ਹਿਆ ਹੋਇਆ ਢੋਲ ਵਰਗਾ ਇਕ ਵਾਜਾ। **ਨਗਾਰਾ**—ਧੌਂਸਾ।

**ਅਰਥ** : ਜੇ ਕੋਈ ਦੇਸ਼ਾਂ-ਦੇਸ਼ਾਂਤਰਾਂ ਨੂੰ ਜਿੱਤਦਾ ਫਿਰੇ ਅਤੇ ਉਸਦੇ ਅੱਗੇ ਢੋਲ,

ਮਿਰਦੰਗ ਤੇ ਧੌਂਸੇ ਵੱਜਦੇ ਹੋਣ।

*ਗੁੰਜਤ ਗੂੜ ਗਜਾਨ ਕੇ ਸੁੰਦਰ*
*ਹਿੰਸਤ ਹੈਂ ਹਯਰਾਜ ਹਜਾਰੇ॥*

ਨੋਟ : ਕਈ ਗੁਟਕਿਆਂ ਵਿਚ 'ਹੰਸਤ ਹੀ' ਪਾਠ ਦਰਜ ਹੈ।

**ਪਦ-ਅਰਥ** : **ਗੁੰਜਤ**—ਗੂੰਜ ਰਹੇ ਹੋਣ। **ਗੂੜ**—ਟੋਲੇ। **ਗਜਾਨ ਕੇ**—ਹਾਥੀਆਂ ਦੇ। **ਹਿੰਸਤ**—ਹਿਣਕਦੇ ਹੋਣ। **ਹਯ**—ਘੋੜੇ। **ਹਯਰਾਜ**—ਘੋੜਿਆਂ ਦੇ ਰਾਜੇ, ਵਧੀਆ ਘੋੜੇ।

**ਅਰਥ** : ਤਬੇਲਿਆਂ ਵਿਚ ਸੁੰਦਰ ਹਾਥੀਆਂ ਦੇ ਟੋਲਿਆਂ ਦੇ ਟੋਲੇ ਗੂੰਜਦੇ ਹੋਣ ਅਤੇ ਹਜ਼ਾਰਾਂ ਹੀ ਵਧੀਆਂ ਘੋੜੇ ਹਿਣਕਦੇ ਹੋਣ।

*ਭੂਤ ਭਵਿੱਖ ਭਵਾਨ ਕੇ ਭੂਪਤਿ*
*ਕਉਨੁ ਗਨੈ, ਨਹੀਂ ਜਾਤ ਬਿਚਾਰੇ॥*

**ਪਦ-ਅਰਥ** : **ਭੂਤ**—ਪਿਛਲੇ ਲੰਘ ਚੁਕੇ ਸਮੇਂ। **ਭਵਿੱਖ**—ਅਗਾਂਹ ਆਉਣ ਵਾਲੇ ਸਮੇਂ। **ਭਵਾਨ**—ਹੁਣ ਦੇ ਸਮੇਂ। **ਭੂਪਤਿ**—ਰਾਜੇ।

**ਅਰਥ** : ਅਜੇਹੇ ਤੇਜ ਪ੍ਰਤਾਪ ਵਾਲੇ ਰਾਜੇ ਪਿਛਲੇ ਲੰਘ ਚੁਕੇ ਸਮੇਂ ਵਿਚ ਵੀ ਇੰਨੇ ਹੋ ਚੁਕੇ ਹੋਣ ਕਿ ਕੋਈ ਉਨ੍ਹਾਂ ਦੀ ਗਿਣਤੀ ਨਾ ਕਰ ਸਕੇ ਤੇ ਅੰਦਾਜ਼ਾ ਵੀ ਨਾ ਲਾ ਸਕੇ, ਇਸ ਵੇਲੇ ਵੀ ਅਜਿਹੇ ਰਾਜੇ ਬੇਅੰਤ ਹੋਣ ਅਤੇ ਆਉਣ ਵਾਲੇ ਸਮੇਂ ਵਿਚ ਵੀ ਹੋਣ।

*ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ*
*ਅੰਤ ਕਉ ਅੰਤ ਕੇ ਧਾਮ ਸਿਧਾਰੇ॥ ੩॥*

**ਪਦ-ਅਰਥ** : **ਸ੍ਰੀ ਪਤਿ**—ਮਾਇਆ ਦਾ ਪਤੀ, ਵਾਹਿਗੁਰੂ। **ਅੰਤ ਕਉ**—ਆਖਰ ਨੂੰ। **ਅੰਤ**—ਮੌਤ। **ਧਾਮ**—ਘਰ। **ਸਿਧਾਰੇ**—ਤੁਰ ਜਾਂਦੇ ਹਨ।

**ਅਰਥ** : ਇਸ ਸਾਰੀ ਮਾਇਆ ਦੇ ਮਾਲਕ ਪਰਮਾਤਮਾ ਦੇ ਸਿਮਰਨ ਕਰਨ ਤੋਂ ਬਿਨਾਂ ਆਖਰ ਨੂੰ ਇਹ ਸਭ ਰਾਜੇ ਵੀ, ਮੌਤ ਦੇ ਦੇਸ਼ ਨੂੰ ਤੁਰ ਜਾਂਦੇ ਹਨ (ਭਾਵ, ਮਰ ਜਾਂਦੇ ਹਨ), ਉਨ੍ਹਾਂ ਦਾ ਤੇਜ ਪ੍ਰਤਾਪ ਸਭ ਇਥੇ ਹੀ ਰਹਿ ਜਾਂਦਾ ਹੈ॥ ੩ ॥

**ਭਾਵ** : ਦੁਨੀਆਂ ਦੇ ਪਰਤਾਪ ਦੇ ਮਾਣ ਕਾਰਨ ਜੇ ਪਰਮਾਤਮਾ ਦੇ ਸਿਮਰਨ ਤੋਂ ਵਾਂਜੇ ਰਹੇ ਤਾਂ ਆਖਰ ਜਮਾਂ ਦੇ ਵੱਸ ਪੈਣਾ ਪੈਂਦਾ ਹੈ, ਇਹ ਐਸ੍ਵਰਜ ਦੇ ਸਮਾਨ ਏਥੇ ਹੀ ਧਰੇ ਰਹਿ ਜਾਂਦੇ ਹਨ।

**ਸ਼ਬਦ ਉਚਾਰਨ** : 'ਫਿਰੈ' ਦਾ ਉਚਾਰਨ ਬਿੰਦੀ ਸਹਿਤ 'ਫਿਰੈਂ' ਕਰਨਾ ਹੈ।

***ਤੀਰਥ ਨ੍ਹਾਨ ਦਇਆ ਦਮ ਦਾਨ***
***ਸੁ ਸੰਜਮ ਨੇਮ ਅਨੇਕ ਬਿਸੇਖੈ॥***

**ਪਦ-ਅਰਥ** : ਤੀਰਥ ਨ੍ਹਾਨ—ਤੀਰਥਾਂ ਦੇ ਇਸ਼ਨਾਨ। **ਦਇਆ**—ਤਰਸ। ਦਮ—ਮਨ ਨੂੰ ਬੁਰੇ ਕੰਮਾਂ ਵਲੋਂ ਰੋਕਣਾ। **ਸੰਜਮ**—ਮਨ ਨੂੰ ਵੱਸ ਕਰਨ ਦੇ ਸਾਧਨ। ਬਿਸੇਖੈ—ਉਚੇਚੇ ਖਾਸ। ਨੇਮ—ਸਾਧਨ, ਢੰਗ।

**ਅਰਥ** : ਜੇ ਕੋਈ ਆਦਮੀ ਤੀਰਥਾਂ ਦੇ ਇਸ਼ਨਾਨ, ਜੀਵਾਂ ਉੱਪਰ ਤਰਸ, ਮਨ ਨੂੰ ਬੁਰੇ ਕੰਮਾਂ ਵਲੋਂ ਰੋਕਣ ਦੇ ਜਤਨ, ਦਾਨ-ਪੁੰਨ, ਮਨ ਵੱਸ ਵਿਚ ਕਰਨ ਦੇ ਸਾਧਨ ਅਤੇ ਹੋਰ ਅਨੇਕਾਂ ਹੀ ਖਾਸ ਸਾਧਨ ਕਰਦਾ ਫਿਰੇ।

***ਬੇਦ ਪੁਰਾਨ ਕਤੇਬ ਕੁਰਾਨ***
***ਜਮੀਨ ਜਮਾਨ ਸਬਾਨ ਕੇ ਪੇਖੈ॥***

**ਪਦ-ਅਰਥ** : **ਕਤੇਬ ਕੁਰਾਨ**—ਪੱਛਮੀ ਮੱਤਾਂ ਦੀਆਂ ਕੁਰਾਨ ਆਦਿਕ ਚਾਰੇ ਧਾਰਮਿਕ ਪੁਸਤਕਾਂ। **ਜਮਾਨ**—ਜ਼ਮਾਨਾ, ਸਮਾਂ। **ਪੇਖੈ**—ਵੇਖੇ, ਪੜ੍ਹੇ।

**ਅਰਥ** : ਜੇ ਕੋਈ ਵੇਦ, ਪੁਰਾਨ, ਪੱਛਮੀ ਧਰਮਾਂ ਦੀਆਂ ਕੁਰਾਨ ਆਦਿ ਚਾਰੇ ਕਿਤਾਬਾਂ ਅਤੇ ਸਾਰੀ ਧਰਤੀ ਦੇ ਸਾਰੇ ਸਮਿਆਂ ਦੇ ਸਾਰੇ ਹੀ ਧਰਮ-ਗ੍ਰੰਥਾਂ ਨੂੰ ਪੜ੍ਹੇ।

***ਪਉਨ ਅਹਾਰ ਜਤੀ ਜਤ ਧਾਰ***
***ਸਬੈ ਸੁ ਬਿਚਾਰ ਹਜਾਰ ਕ ਦੇਖੈ॥***

**ਪਦ-ਅਰਥ** : ਪਉਨ—ਹਵਾ। ਅਹਾਰ—ਖੁਰਾਕ। **ਪਉਨ-ਅਹਾਰ**—ਨਿਰੀ ਹਵਾ ਦੇ ਆਸਰੇ ਜੀਉਣ ਵਾਲਾ। **ਹਜਾਰ ਕ**—ਕਈ ਹਜ਼ਾਰ, ਹਜ਼ਾਰਾਂ ਹੀ।

**ਅਰਥ** : ਜੇ ਕੋਈ ਨਿਰੀ ਹਵਾ ਦੇ ਆਸਰੇ ਜੀਵੇ (ਹੋਰ ਕੁਝ ਖਾਵੇ ਪੀਵੇ ਨਾ), ਬ੍ਰਹਮਚਾਰੀਆਂ ਵਾਲਾ ਜੀਵਨ ਗੁਜ਼ਾਰੇ ਅਤੇ ਹੋਰ ਹਜ਼ਾਰਾਂ ਹੀ ਅਜਿਹੇ ਸਾਧਨ ਸੋਚਦਾ ਰਹੇ।

***ਸ੍ਰੀ ਭਗਵਾਨ ਭਜੇ ਬਿਨੁ ਭੂਪਤਿ***
***ਏਕ ਰਤੀ ਬਿਨੁ ਏਕ ਨ ਲੇਖੈ॥ ੪॥***

**ਪਦ-ਅਰਥ** : ਭੂਪਤਿ—ਰਾਜੇ। ਰਤੀ—ਪਿਆਰ। **ਏਕ ਨ ਲੇਖੈ**—ਕਿਸੇ ਗਿਣਤੀ ਵਿਚ ਨਹੀਂ, ਕਿਸੇ ਕੰਮ ਨਹੀਂ।

**ਅਰਥ** : ਤਾਂ ਵੀ ਸਾਰੀ ਸ੍ਰਿਸ਼ਟੀ ਦੇ ਮਾਲਕ ਵਾਹਿਗੁਰੂ ਦਾ ਸਿਮਰਨ ਕਰਨ ਤੋਂ ਬਿਨਾਂ, ਰੱਬ ਦੇ ਪਿਆਰ ਤੋਂ ਬਿਨਾਂ, ਉਸ ਦਾ ਕੋਈ ਸਾਧਨ ਵੀ ਕਿਸੇ ਕੰਮ ਨਹੀਂ॥ ੪॥

**ਭਾਵ** : ਤੀਰਥ-ਇਸ਼ਨਾਨ ਆਦਿਕ ਸਾਧਨ, ਧਰਮ-ਪੁਸਤਕਾਂ ਦਾ ਨਿਰਾ ਪੜ੍ਹਨਾ, ਬ੍ਰਹਮਚਾਰੀ ਆਦਿਕਾਂ ਵਾਲੇ ਕਠਨ ਤਪ—ਇਹ ਸਾਰੇ ਉੱਦਮ ਨਿਸਫ਼ਲ ਹਨ ਜੇ

ਪਰਮਾਤਮਾ ਨਾਲ ਪਿਆਰ ਕਰਨ ਦੀ ਜਾਚ ਨਹੀਂ ਸਿੱਖੀ।

**ਸ਼ਬਦ ਉਚਾਰਨ :**

(੧) 'ਜਮੀਨ ਜਮਾਨ' ਦਾ ਉਚਾਰਨ 'ਜ਼ਮੀਨ ਜ਼ਮਾਨ' ਜਜੇ ਪੈਰੀਂ ਬਿੰਦੀ ਲਾ ਕੇ ਕਰਨਾ ਹੈ।

(੨) 'ਨਾਨ' ਦਾ ਉਚਾਰਨ ਅਧੇ ਹਾਹੇ ਨਾਲ 'ਨ੍ਹਾਨ' ਕਰਨਾ ਹੈ।

***ਸੁੱਧ ਸਿਪਾਹ ਦੁਰੰਤ ਦੁਬਾਹ***
***ਸੁ ਸਾਜਿ ਸਨਾਹ ਦੁਰਜਾਨ ਦਲੈਂਗੇ॥***

**ਪਦ-ਅਰਥ :** **ਸੁੱਧ**—ਖਾਲਸ, ਸੋਧੇ ਹੋਏ, ਪਰਤਾਏ, ਅਜ਼ਮਾਏ ਹੋਏ। **ਸਿਪਾਹ**—ਸਿਪਾਹੀ ਜੋਧੇ। **ਦੁਰੰਤ**—ਜਿਨ੍ਹਾਂ ਨੂੰ ਮਾਰ ਮੁਕਾਉਣਾ ਔਖਾ ਹੋਵੇ, ਅਜਿੱਤ। **ਦੁਬਾਹ**—ਜਿਨ੍ਹਾਂ ਦੀ ਝਾਲ ਨਾ ਝੱਲੀ ਜਾ ਸਕੇ। **ਸਨਾਹ**—ਲੋਹੇ ਦਾ ਕੁੜਤਾ, ਸੰਜੋਅ। **ਦਲੈਂਗੇ**—ਵੈਰੀਆਂ।

**ਅਰਥ :** ਪਰਤਾਏ, ਅਜ਼ਮਾਏ ਹੋਏ ਬਹਾਦਰ ਜੋਧੇ ਵੀ ਜੋ ਜਿੱਤੇ ਨਾ ਜਾ ਸਕਣ, ਜਿਨ੍ਹਾਂ ਦੀ ਝਾਲ ਨਾ ਝੱਲੀ ਜਾ ਸਕੇ (ਜਿਨ੍ਹਾਂ ਦੀ ਤਲਵਾਰ ਦੇ ਵਾਰ ਝੱਲੇ ਨਾ ਜਾ ਸਕਣ) ਜੋ ਸੰਜੋਅ ਪਹਿਨ ਕੇ ਵੈਰੀਆਂ ਦਾ ਨਾਸ ਕਰ ਦੇਂਦੇ ਹਨ।

***ਭਾਰੀ ਗੁਮਾਨ ਭਰੇ ਮਨ ਮੈਂ***
***ਕਰ ਪਰਬਤ ਪੰਖ ਹਲੈਂ, ਨ ਹਲੈਂਗੇ॥***

**ਪਦ-ਅਰਥ :** **ਪੰਖ**—ਖੰਭ। **ਕਰ ਪੰਖ**—ਖੰਭ ਲਾ ਕੇ।

**ਅਰਥ :** ਜਿਨ੍ਹਾਂ ਦੇ ਮਨਾਂ ਵਿਚ ਇਹ ਹੰਕਾਰ ਭਰਿਆ ਹੋਵੇ ਕਿ ਪਹਾੜ ਵੀ ਖੰਭ ਲਾ ਕੇ ਆਪਣੇ ਥਾਂ ਟਿਕਾਣੇ ਤੋਂ ਹਿੱਲ ਜਾਣ, ਅਸੀਂ ਜੰਗ ਦੇ ਮੈਦਾਨ ਵਿਚ ਆਪਣੇ ਪੈਂਤੜੇ ਤੋਂ ਨਹੀਂ ਹਿੱਲਾਂਗੇ।

***ਤੋਰਿ ਅਰੀਨ ਮਰੋਰਿ ਮਵਾਸਨ,***
***ਮਾਤੇ ਮਤੰਗਨਿ ਮਾਨ ਮਲੈਂਗੇ॥***

**ਪਦ-ਅਰਥ :** **ਤੋਰਿ**—ਤੋੜ ਕੇ, ਭੰਨ ਕੇ। **ਅਰੀਨ**—ਵੈਰੀਆਂ ਨੂੰ। **ਮਰੋੜ**—ਮਰੋੜ ਕੇ। **ਮਵਾਸਨ**—ਆਕੀਆਂ ਨੂੰ। **ਮਤੰਗ**—ਹਾਥੀ। **ਮਾਤੇ ਮਤੰਗਨ ਮਾਨ**—ਮਸਤੇ ਹੋਏ ਹਾਥੀਆਂ ਦਾ ਹੰਕਾਰ। **ਮਲੈਂਗੇ**—ਤੋੜ ਦੇਂਦੇ ਹਨ।

**ਅਰਥ :** ਜੋ ਆਪਣੇ ਵੈਰੀਆਂ ਨੂੰ ਭੰਨ ਤੋੜ ਕੇ, ਆਕੀਆਂ ਦੀਆਂ ਧੌਣਾਂ ਨੂੰ ਮਰੋੜ ਕੇ, ਮਸਤੇ ਹੋਏ ਹਾਥੀਆਂ ਦਾ ਵੀ ਹੰਕਾਰ ਤੋੜ ਸਕਦੇ ਹਨ।

***ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ***
***ਤਿਆਗਿ ਜਹਾਨ ਨਿਦਾਨ ਚਲੈਂਗੇ॥ ੫॥***

**ਪਦ-ਅਰਥ :** **ਸ੍ਰੀ ਪਤਿ**—ਮਾਇਆ ਦਾ ਪਤੀ, ਪਰਮਾਤਮਾ। **ਤਿਆਗਿ**—ਛੱਡ

ਕੇ। **ਨਿਦਾਨ**—ਅੰਤ ਨੂੰ, ਓੜਕ ਨੂੰ।

**ਅਰਥ** : ਅਜੇਹੇ ਬਹਾਦਰ ਜੋਧੇ ਵੀ ਮਾਇਆ ਦੇ ਪਤੀ, ਪਰਮਾਤਮਾ ਦੀ ਮਿਹਰ ਦੀ ਨਜ਼ਰ ਪ੍ਰਾਪਤ ਕੀਤੇ ਬਿਨਾਂ ਦੁਨੀਆਂ ਨੂੰ ਛੱਡ ਕੇ ਅੰਤ ਨੂੰ ਚਲੇ ਜਾਂਦੇ ਹਨ॥ ੫॥

**ਭਾਵ** : ਜਗਤ ਵਿਚ ਬੜੇ ਸੂਰਮੇ ਜੋਧੇ ਅਖਵਾ ਲਿਆ, ਪਰ ਪਰਮਾਤਮਾ ਦੀ ਭਗਤੀ ਤੋਂ ਖਾਲੀ ਰਹਿ ਕੇ ਉਸ ਮਾਲਕ ਨੂੰ ਖੁਸ਼ ਨਾ ਕਰ ਸਕੇ, ਤਾਂ ਵੀ ਆਖਰ ਜੱਗ ਤੋਂ ਖਾਲੀ ਹੱਥ ਹੀ ਗਏ।

**ਸ਼ਬਦ ਉਚਾਰਨ** :

(ੳ) "ਭਾਰੀ ਗੁਮਾਨ ਭਰੇ ਮਨ ਮੈਂ" ਤੋਂ ਬਾਅਦ ਬਿਸਰਾਮ ਦੇਣਾ ਹੈ 'ਕਰ' ਤੋਂ ਬਾਅਦ ਨਹੀਂ।

(ਅ) ਦਲੈਂਗੇ, ਹਲੈਂਗੇ, ਮਲੈਂਗੇ, ਚਲੈਂਗੇ, ਸ਼ਬਦਾਂ ਵਿਚ ਲੱਲੇ ਨੂੰ ਦੁਲਾਈਆਂ ਲਗੀਆਂ ਹਨ ਇਸ ਲਈ ਦਲੇਂਗੇ, ਮਲੇਂਗੇ, ਚਲੇਂਗੇ ਪਾਠ ਨਹੀਂ ਕਰਨਾ।

***ਬੀਰ ਅਪਾਰ ਬਡੇ ਬਰਿਆਰ***
***ਅਬਿਚਾਰਹਿ ਸਾਰ ਕੀ ਧਾਰ ਭਛੱਯਾ॥***

**ਪਦ-ਅਰਥ** : **ਬੀਰ**—ਸੂਰਮੇ, ਜੋਧੇ। **ਅਪਾਰ**—ਬਿਅੰਤ। **ਬਰਿਆਰ**—ਬੜੇ ਬਲ ਵਾਲੇ, ਬਲਵਾਨ। **ਅਬਿਚਾਰਹਿ**—ਵਿਚਾਰਨ ਤੋਂ ਬਿਨਾਂ, ਬੇ-ਪਰਵਾਹੀ ਨਾਲ। **ਸਾਰ**—ਲੋਹਾ, ਲੋਹੇ ਦੇ ਹਥਿਆਰ। **ਭਛੱਯਾ**—ਖਾਣ ਵਾਲੇ, ਸਹਾਰਨ ਵਾਲੇ।

**ਅਰਥ** : ਬਹੁਤ ਹੀ ਵੱਡੇ ਬਲ ਵਾਲੇ ਸੂਰਮੇ, ਜੋ ਬੜੀ ਬੇ-ਪਰਵਾਹੀ ਨਾਲ ਲੋਹੇ ਦੇ ਹਥਿਆਰਾਂ ਦੀ ਧਾਰ (ਭਾਵ ਸੱਟ, ਚੋਟ) ਸਹਾਰ ਸਕਣ।

***ਤੋਰਤ ਦੇਸ ਮਲਿੰਦ ਮਵਾਸਨ***
***ਮਾਤੇ ਗਜਾਨ ਕੇ ਮਾਨ ਮਲੱਯਾ॥***

**ਪਦ-ਅਰਥ** : **ਤੋਰਤ**—ਤੋੜਨ ਵਾਲੇ, ਜਿੱਤਣ ਵਾਲੇ। **ਮਲਿੰਦ**—ਮਲਣ ਵਾਲੇ, ਅਧੀਨ ਕਰਨ ਵਾਲੇ। **ਮਵਾਸਨ**—ਆਕੀ। **ਮਲੱਯਾ**—ਤੋੜਨ ਵਾਲੇ।

**ਅਰਥ** : ਜੋ ਕਈ ਦੇਸ਼ਾਂ ਨੂੰ ਜਿੱਤ ਲੈਣ, ਆਕੀਆਂ ਨੂੰ ਅਧੀਨ ਕਰ ਲੈਣ ਅਤੇ ਮਸਤ ਹੋਏ ਹਾਥੀਆਂ ਦਾ ਹੰਕਾਰ ਤੋੜ ਦੇਣ।

***ਗਾੜ੍ਹੇ ਗੜ੍ਹਾਨ ਕੋ ਤੋੜਨਹਾਰ***
***ਸੁ ਬਾਤਨ ਹੀਂ ਚਕ ਚਾਰ ਲਵੱਯਾ॥***

**ਪਦ-ਅਰਥ** : **ਗਾੜ੍ਹੇ**—ਤਕੜੇ। **ਗੜ੍ਹਾਨ**—ਕਿਲ੍ਹੇ। **ਬਾਤਨ ਹੀਂ**—ਗੱਲਾਂ ਨਾਲ ਹੀ। **ਚਕ ਚਾਰ**—ਚਾਰੇ ਚੱਕ, ਸਾਰੀ ਧਰਤੀ। **ਲਵੱਯਾ**—ਮੱਲ ਲੈਣ ਵਾਲੇ।

**ਅਰਥ** : ਜੋ ਤਕੜੇ ਮਜ਼ਬੂਤ ਕਿਲ੍ਹਿਆਂ ਨੂੰ ਤੋੜ ਕੇ ਸਰ ਕਰ ਲੈਣ ਅਤੇ ਕੇਵਲ ਗੱਲਾਂ ਨਾਲ (ਦਬਕਿਆਂ ਡਰਾਵਿਆਂ ਨਾਲ) ਹੀ ਸਾਰੀ ਧਰਤੀ ਉੱਤੇ ਕਬਜ਼ਾ ਕਰ ਲੈਣ।

***ਸਾਹਿਬ ਸ੍ਰੀ ਸਭ ਕੋ ਸਿਰਨਾਇਕ***
***ਜਾਚਕ ਅਨੇਕ ਸੁ ਏਕ ਦਿਵੱਯਾ॥ ੬॥***

**ਪਦ-ਅਰਥ : ਸਾਹਿਬ ਸ੍ਰੀ**—ਮਾਇਆ ਦਾ ਪਤੀ, ਪਰਮਾਤਮਾ। **ਨਾਇਕ**—ਮਾਲਕ, ਖਸਮ। **ਜਾਚਕ**—ਮੰਗਤੇ। **ਅਨੇਕ**—ਬੇਅੰਤ। **ਦਿਵੱਯਾ**—ਦੇਣ ਵਾਲਾ, ਦਾਤਾ, ਦਾਨੀ।

**ਅਰਥ** : ਅਜਿਹੇ ਅਨੇਕਾਂ ਬੰਦੇ ਉਸ ਵਾਹਿਗੁਰੂ ਦੇ ਦਰ ਤੇ ਮੰਗਤੇ ਹਨ। ਇਹਨਾਂ ਸਭ ਨੂੰ ਦਾਨ ਦੇਣ ਵਾਲਾ ਇਕ ਪਰਮਾਤਮਾ ਹੀ ਹੈ, ਜੋ ਮਾਇਆ ਦਾ ਮਾਲਕ ਹੈ ਅਤੇ ਸਭ ਜੀਆਂ ਦੇ ਸਿਰ ਤੇ ਖਸਮ ਹੈ॥ ੬॥

**ਭਾਵ** : ਬੇ-ਪਰਵਾਹੀ ਨਾਲ ਸ਼ਸਤ੍ਰਾਂ ਦੀ ਚੋਟ ਸਹਾਰਨ ਵਾਲੇ, ਆਕੀਆਂ ਨੂੰ ਲਿਤ਼ਾ ਲੈਣ ਵਾਲੇ, ਤੇ ਵੱਡੇ ਵੱਡੇ ਕਿਲ੍ਹਿਆਂ ਨੂੰ ਸਰ ਕਰ ਲੈਣ ਵਾਲੇ ਬੰਦੇ ਜਗਤ ਵਿਚ ਤਾਂ ਭਾਵੇਂ ਬਹਾਦਰ ਜਾਪਦੇ ਹੋਣ, ਪਰ ਮਾਲਕ ਸਿਰਜਨਹਾਰ ਦੇ ਦਰ ਤੇ ਅਜਿਹੇ ਬੰਦੇ ਅਨੇਕਾਂ ਮੰਗਤਿਆਂ ਸਮਾਨ ਹੀ ਹਨ।

**ਸ਼ਬਦ ਉਚਾਰਨ** :

(ੳ) 'ਅ-ਬਿਚਾਰਹ' ਸ਼ਬਦ ਨੂੰ 'ਅਬਿ + ਚਾਰਹ' ਪੜ੍ਹਨਾ ਅਸ਼ੁਧ ਹੈ।

(ਅ) ਭਛੱਯਾ, ਮਲੱਯਾ, ਦਿਵੱਯਾ ਦਾ ਉਚਾਰਨ ਭਛੱਈਆ, ਮਲੱਈਆ, ਦਿਵੱਈਆ ਆਦਿ ਕਰਨਾ ਠੀਕ ਹੈ।

***ਦਾਨਵ ਦੇਵ ਫਨਿੰਦ ਨਿਸਾਚਰ***
***ਭੂਤ ਭਵਿੱਖ ਭਵਾਨ ਜਪੈਂਗੇ॥***

**ਪਦ-ਅਰਥ** : **ਦਾਨਵ**—ਦੈਂਤ, ਰਾਖਸ਼। **ਫਨਿੰਦ**—ਫੰਨ੍ਹ ਵਾਲੇ ਸੱਪਾਂ ਦਾ ਰਾਜਾ, ਸ਼ੇਸ਼ਨਾਗ। **ਨਿਸਾਚਰ**—ਰਾਤ ਨੂੰ ਤੁਰਨ ਫਿਰਨ ਵਾਲੇ ਭੂਤ ਪ੍ਰੇਤ। **ਜਪੈਂਗੇ**—ਜਪਦੇ ਹਨ।

**ਅਰਥ** : ਰਾਖਸ਼, ਦੇਵਤੇ, ਸ਼ੇਸ਼ਨਾਗ, ਰਾਤ ਨੂੰ ਫਿਰਨ ਵਾਲੇ ਜੀਵ (ਭੂਤ, ਪ੍ਰੇਤ ਆਦਿਕ) ਤਿੰਨਾਂ ਹੀ (ਪਿਛਲੇ, ਆਉਣ ਵਾਲੇ ਤੇ ਹੁਣ ਦੇ) ਸਮਿਆਂ ਵਿਚ ਵਾਹਿਗੁਰੂ ਨੂੰ ਜਪਦੇ ਹਨ।

***ਜੀਵ ਜਿਤੇ ਜਲ ਮੈ ਥਲ ਮੈ***
***ਪਲ ਹੀ ਪਲ ਮੈ, ਸਭ ਥਾਪ ਥਪੈਂਗੇ॥***

**ਪਦ-ਅਰਥ** : **ਜਿਤੇ**—ਜਿੰਨੇ। **ਮੈ**—ਵਿਚ। **ਥਾਪ ਥਪੈਂਗੇ**—ਬਣਾਉਂਦਾ ਹੈ, ਰਚਦਾ ਹੈ।

**ਅਰਥ** : ਜਲ ਵਿਚ ਤੇ ਧਰਤੀ ਉੱਪਰ (ਭਾਵ, ਸਾਰੀ ਸ੍ਰਿਸ਼ਟੀ ਦੇ) ਜਿੰਨੇ ਜੀਵ ਹਨ, ਉਹ ਵਾਹਿਗੁਰੂ ਪਲੋ ਪਲੀ ਵਿਚ ਉਨ੍ਹਾਂ ਸਭ ਦੀ ਥਾਪਨਾ ਥਾਪ ਸਕਦਾ ਹੈ, ਅਰਥਾਤ ਉਨ੍ਹਾਂ ਨੂੰ ਰਚ, ਬਣਾ ਸਕਦਾ ਹੈ।

***ਪੁੰਨ ਪ੍ਰਤਾਪਨ ਬਾਢ ਜੈਤ ਧੁਨ***
***ਪਾਪਨ ਕੇ ਬਹੁ ਪੁੰਜ ਖਪੈਂਗੇ।***

**ਪਦ-ਅਰਥ** : **ਪੁੰਨ**—ਭਲੇ ਕੰਮ। **ਪ੍ਰਤਾਪਨ**—ਤੇਜ। **ਬਾਢ**—ਵਾਧਾ। **ਜੈਤ ਧੁਨ**—ਜੈ ਜੈ ਕਾਰ ਦੀ ਅਵਾਜ਼। **ਪੁੰਜ**—ਢੇਰ। **ਖਪੈਂਗੇ**—ਨਾਸ ਹੋ ਜਾਂਦੇ ਹਨ।

**ਅਰਥ** : ਭਲੇ ਕੰਮਾਂ ਦੇ ਤੇਜ਼ ਤੇ ਵਾਧੇ ਦੀ ਜੈ-ਜੈ ਕਾਰ ਦੀ ਆਵਾਜ਼ ਵਧਦੀ ਹੈ ਅਤੇ ਪਿਛਲੇ ਕੀਤੇ ਮੰਦੇ ਕੰਮਾਂ ਦੇ ਢੇਰਾਂ ਦੇ ਢੇਰ ਨਾਸ ਹੋ ਜਾਂਦੇ ਹਨ।

***ਸਾਧ ਸਮੂਹ ਪ੍ਰਸੰਨ ਫਿਰੈਂ ਜਗ***
***ਸਤ੍ਰ ਸਭੈ ਅਵਲੋਕ ਚਪੈਂਗੇ॥ ੭॥***

**ਪਦ-ਅਰਥ** : **ਸਮੂਹ**—ਸਾਰੇ। **ਸਤ੍ਰ**—ਵੈਰੀ, ਭਲੇ ਲੋਕਾਂ ਨਾਲ ਵੈਰ ਕਰਨ ਵਾਲੇ, ਭੈੜੇ ਕੰਮ ਕਰਨ ਵਾਲੇ। **ਅਵਲੋਕ**—ਵੇਖ ਕੇ। **ਚਪੈਂਗੇ**—ਦਬ ਜਾਂਦੇ ਹਨ।

**ਅਰਥ** : ਪਰਮਾਤਮਾ ਦੀ ਭਗਤੀ ਕਰਨ ਵਾਲੇ ਸਾਰੇ ਭਲੇ ਬੰਦੇ ਜਗਤ ਵਿਚ ਖੁਸ਼ ਫਿਰਦੇ ਹਨ ਅਤੇ ਉਨ੍ਹਾਂ ਦੇ ਵੈਰੀ ਅਤੇ ਮੰਦੇ ਕੰਮ ਕਰਨ ਵਾਲੇ ਬੰਦੇ ਉਨ੍ਹਾਂ ਨੂੰ ਵੇਖ ਕੇ ਦਬ ਜਾਂਦੇ ਹਨ॥ ੭॥

**ਭਾਵ** : ਜਿਹੜੇ ਵੀ ਬੰਦੇ ਕਰਤਾਰ ਸਿਰਜਨਹਾਰ ਦਾ ਸਿਮਰਨ ਕਰਦੇ ਹਨ, ਜਗਤ ਵਿਚ ਉਹਨਾਂ ਦੀ ਸ਼ੋਭਾ ਹੁੰਦੀ ਹੈ, ਉਹਨਾਂ ਦੇ ਸਾਰੇ ਪਾਪ ਨਾਸ ਹੋ ਜਾਂਦੇ ਹਨ, ਤੇ ਉਹ ਸਦਾ ਖਿੜੇ-ਮੱਥੇ ਰਹਿੰਦੇ ਹਨ।

**ਸ਼ਬਦ ਉਚਾਰਨ** : 'ਬਾਢ ਜੈਤ ਧੁਨ' ਪਾਠ ਠੀਕ ਹੈ। 'ਬਾਢਤ ਜੈ ਧੁਨਿ' ਪਾਠ ਅਸ਼ੁੱਧ ਹੈ।

***ਮਾਨਵ ਇੰਦ੍ਰ ਗਜਿੰਦ੍ਰ ਨਰਾਧਪ***
***ਜੌਨ ਤ੍ਰਿਲੋਕ ਕੋ ਰਾਜ ਕਰੈਂਗੇ॥***

**ਪਦ-ਅਰਥ** : ਮਾਨਵ—ਮਨੁੱਖ। ਇੰਦ੍ਰ—ਰਾਜੇ। ਮਾਨਵ ਇੰਦ੍ਰ—ਮਨੁੱਖਾਂ ਦੇ ਰਾਜੇ। **ਗਜ**—ਹਾਥੀ। **ਗਜਿੰਦ੍ਰ**—ਹਾਥੀਆਂ ਦੇ ਰਾਜੇ, ਵੱਡੇ ਵੱਡੇ ਹਾਥੀ। **ਨਰਾਧਪ**—ਮਨੁੱਖਾਂ ਦੇ ਰਾਖੇ, ਰਾਜੇ। **ਜੌਨ**—ਜੋ। **ਤ੍ਰਿਲੋਕ**—ਤਿੰਨਾਂ ਲੋਕਾਂ, ਸਾਰੀ ਸ੍ਰਿਸ਼ਟੀ।

**ਅਰਥ** : ਜੋ ਮਨੁੱਖ ਵੱਡੇ ਵੱਡੇ ਹਾਥੀਆਂ ਦੇ ਮਾਲਕ ਹੋ ਕੇ ਚੱਕਰਵਰਤੀ ਰਾਜੇ ਬਣਦੇ ਹਨ ਅਤੇ ਸਾਰੀ ਸ੍ਰਿਸ਼ਟੀ ਤੇ ਰਾਜ ਕਰਦੇ ਹਨ।

***ਕੋਟਿ ਇਸ਼ਨਾਨ ਗਜਾਦਿਕ ਦਾਨ***
***ਅਨੇਕ ਸੁਅੰਬਰ ਸਾਜ ਬਰੈਂਗੇ॥***

**ਪਦ-ਅਰਥ :** ਕੋਟਿ—ਕਰੋੜਾਂ। **ਇਸਨਾਨ**—ਇਸ਼ਨਾਨ, ਤੀਰਥਾਂ ਦੇ ਇਸ਼ਨਾਨ। ਗਜਾਦਿਕ—ਗਜ ਆਦਿਕ, ਹਾਥੀ ਆਦਿਕ। **ਸੁਅੰਬਰ**—ਆਪਣਾ ਵਰ ਆਪ ਚੁਣਨ ਦੀ ਰਸਮ। **ਬਰੈਂਗੇ**—ਵਰਦੇ ਹਨ, ਵਿਆਹ ਕਰਦੇ ਹਨ।

**ਅਰਥ :** ਜੋ ਮਨੁੱਖ ਕਰੋੜਾਂ ਤੀਰਥਾਂ ਦੇ ਇਸ਼ਨਾਨ ਕਰ ਕੇ ਹਾਥੀ ਆਦਿਕ ਦਾਨ ਕਰਦੇ ਹਨ ਤੇ ਕਈ ਸੁਅੰਬਰ ਰਚਾ ਰਚਾ ਕੇ ਵਿਆਹ ਕਰਦੇ ਹਨ।

***ਬ੍ਰਹਮ ਮਹੇਸ਼ਰ ਬਿਸ਼ਨ ਸਚੀਪਤਿ***
***ਅੰਤ ਫਸੇ, ਜਮ ਫਾਸ ਪਰੈਂਗੇ॥***

**ਪਦ-ਅਰਥ :** ਮਹੇਸਰ—ਸ਼ਿਵ ਜੀ। **ਸਚੀਪਤਿ**—ਸੱਚੀ ਦਾ ਪਤੀ, ਭਾਵ ਇੰਦਰ ('ਸੱਚੀ' ਇੰਦਰ ਦੀ ਵਹੁਟੀ ਦਾ ਨਾਂ ਹੈ)। **ਜਮ ਫਾਸ**—ਮੌਤ ਦੀ ਫਾਹੀ, ਮੌਤ ਦੇ ਵਸ।

**ਅਰਥ :** ਇਹ ਵੱਡੇ ਵੱਡੇ ਮਨੁੱਖ ਤਾਂ ਕਿਤੇ ਰਹੇ, ਬ੍ਰਹਮਾ, ਸ਼ਿਵ, ਵਿਸ਼ਨੂੰ ਤੇ ਇੰਦਰ ਵਰਗੇ ਵੀ ਅੰਤ ਨੂੰ ਮੌਤ ਦੇ ਪੰਜੇ ਵਿਚ ਫਸ ਜਾਂਦੇ ਹਨ।

***ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ***
***ਤੇ ਨਰ, ਫੇਰ ਨ ਦੇਹ ਧਰੈਂਗੇ॥ ੮॥***

**ਪਦ-ਅਰਥ :** ਜੇ ਨਰ—ਜਿਹੜੇ ਮਨੁੱਖ। **ਸ੍ਰੀਪਤਿ**—ਸ੍ਰੀ (ਮਾਇਆ) ਦਾ ਪਤੀ, ਪਰਮਾਤਮਾ। **ਪ੍ਰਸ ਹੈਂ**—ਛੂੰਹਦੇ ਹਨ। **ਪਗ**—ਪੈਰ। **ਪ੍ਰਸ ਹੈਂ ਪਗ**—ਚਰਨੀਂ ਲੱਗਦੇ ਹਨ। **ਨ ਦੇਹ ਧਰੈਂਗੇ**—ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦੇ।

**ਅਰਥ :** ਜਿਹੜੇ ਮਨੁੱਖ ਪਰਮਾਤਮਾ ਦੇ ਚਰਨੀਂ ਲੱਗਦੇ ਹਨ (ਭਾਵ, ਵਾਹਿਗੁਰੂ ਦੀ ਭਗਤੀ ਕਰਦੇ ਹਨ), ਉਹ ਫਿਰ ਜਨਮ-ਮਰਨ ਦੇ ਗੇੜ ਵਿਚ ਨਹੀਂ ਪੈਂਦੇ॥ ੮॥

**ਭਾਵ :** ਰਾਜ-ਐਸ਼੍ਵਰਜ, ਤੀਰਥ-ਇਸ਼ਨਾਨ ਤੇ ਦਾਨ-ਪੁੰਨ, ਦੇਵਤਿਆਂ ਵਾਲੀ ਪਦਵੀ—ਇਹਨਾਂ ਵਿਚੋਂ ਕੋਈ ਵੀ, ਜੀਵ ਨੂੰ ਮੌਤ ਦੇ ਗੇੜ ਤੋਂ ਨਹੀਂ ਬਚਾ ਸਕਦਾ, ਜੇ ਜੀਵ ਪਰਮਾਤਮਾ ਦੀ ਬੰਦਗੀ ਤੋਂ ਵਾਂਝਿਆਂ ਹੋਇਆ ਹੈ।

**ਸ਼ਬਦ ਉਚਾਰਨ :**

(ੳ) ਕਈ ਗੁਟਕਿਆਂ ਵਿਚ 'ਕੋਟਿ ਸਿਨਾਨ', 'ਕੋਟਿ ਸਨਾਨ' ਪਾਠ ਦਰਜ ਹੈ।

(ਅ) 'ਸਚੀਪਤਿ' ਜੁੜਵਾਂ ਸ਼ਬਦ ਹੈ।

(ੲ) "ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ" ਤੁਕ ਵਿਚ ਪਗ ਤੋਂ ਬਾਅਦ ਬਿਸ੍ਰਾਮ ਦੇਣਾ ਹੈ, 'ਹੈਂ' ਤੋਂ ਬਾਅਦ ਨਹੀਂ।

(ਸ) 'ਇਸ਼ਨਾਨ', 'ਮਹੇਸ਼ਰ', 'ਬਿਸ਼ਨ' ਸ਼ਬਦ ਸਸੇ ਪੈਰੀਂ ਬਿੰਦੀ ਲਾ ਕੇ ਉਚਾਰਨੇ ਹਨ।

(ਹ) ਜੌਨ ਦਾ ਉਚਾਰਨ ਹੋੜੇ ਨਾਲ ਜੋਨ ਕਰਨਾ ਅਸ਼ੁਧ ਹੈ।

***ਕਹਾ ਭਯੋ, ਜੋ ਦੋਊ ਲੋਚਨ ਮੂੰਦ ਕੈ***
***ਬੈਠਿ ਰਹਿਓ, ਬਕ ਧਿਆਨ ਲਗਾਇਓ॥***

**ਪਦ-ਅਰਥ :** ਕਹਾ ਭਯੋ—ਕੀ ਹੋਇਆ? ਜੋ—ਜੇ। **ਦੋਊ ਲੋਚਨ**—ਦੋਵੇਂ ਅੱਖਾਂ। **ਮੂੰਦ ਕੈ**—ਮੀਟ ਕੇ। **ਬਕ ਧਿਆਨ**—ਬਗਲੇ ਵਾਲੀ ਸਮਾਧੀ।

**ਅਰਥ :** ਜੇ ਕੋਈ ਆਦਮੀ ਦੋਵੇਂ ਅੱਖਾਂ ਮੀਟ ਕੇ ਬਗਲੇ ਵਾਂਗ ਸਮਾਧੀ ਲਾ ਕੇ ਬੈਠਾ ਰਿਹਾ, ਤਾਂ ਕੀ ਹੋਇਆ? ਇਸ ਦਾ ਕੋਈ ਲਾਭ ਨਹੀਂ ਹੋ ਸਕਦਾ।

***ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ***
***ਲੋਕ ਗਯੋ ਪਰਲੋਕ ਗਵਾਇਓ॥***

**ਪਦ-ਅਰਥ :** **ਫਿਰਿਓ**—ਫਿਰਿਆ। **ਲੀਏ**—ਤਕ, ਤੀਕ, ਤੋੜੀ।

**ਅਰਥ :** ਜੇ ਕੋਈ ਮਨੁੱਖ ਸੱਤਾਂ ਸਮੁੰਦ੍ਰਾਂ ਤੀਕ ਸਾਰੇ ਤੀਰਥਾਂ ਤੇ ਇਸ਼ਨਾਨ ਕਰਦਾ ਫਿਰਿਆ, ਤਾਂ ਉਸ ਨੇ ਇਹ ਲੋਕ ਵੀ ਗਵਾ ਲਿਆ (ਭਾਵ, ਇਸ ਹੁਣ ਵਾਲੇ ਜੀਵਨ ਦੇ ਸੁਖ ਵੀ ਨਾ ਭੋਗ ਸਕਿਆ) ਅਤੇ ਪਰਲੋਕ ਵੀ ਗਵਾ ਲਿਆ (ਭਾਵ, ਪਰਮਾਤਮਾ ਦੀ ਭਗਤੀ ਨਾ ਕਰਨ ਕਰਕੇ ਉਹ ਅਗਲੇ ਜਨਮ ਵਿਚ ਵੀ ਸੁਖਾਂ ਤੋਂ ਵਾਂਝਿਆਂ ਰਹੇਗਾ)।

***ਬਾਸ ਕੀਓ ਬਿਖਿਆਨ ਸੌਂ ਬੈਠ ਕੈ***
***ਐਸੇ ਹੀ ਐਸੇ ਸੁ ਬੈਸ ਬਿਤਾਇਓ॥***

**ਪਦ-ਅਰਥ :** **ਬਾਸ**—ਨਿਵਾਸ। **ਕੀਓ**—ਕੀਤਾ। **ਬਿਖਿਆਨ ਸੌਂ**—ਵਿਸ਼ਿਆਂ ਨਾਲ ਮੰਦੇ ਕੰਮਾਂ ਦੇ ਸੁਆਦਾਂ ਨਾਲ। **ਐਸੇ ਹੀ ਐਸੇ**—ਐਵੇਂ ਹੀ ਵਿਅਰਥ ਹੀ। **ਬੈਸ ਬਿਤਾਇਓ**—ਉਮਰ ਲੰਘਾ ਲਈ, ਗੁਜ਼ਾਰ ਲਈ।

**ਅਰਥ :** ਜਿਸ ਮਨੁੱਖ ਨੇ ਵਿਸ਼ੇ-ਵਿਕਾਰਾਂ (ਮੰਦੇ ਕੰਮਾਂ ਦੇ ਮੰਦੇ ਚਸਕਿਆਂ) ਨਾਲ ਹੀ ਸੰਗਤ ਕੀਤੀ (ਜੋ ਮੰਦੇ ਕੰਮ ਕਰਦਾ ਤੇ ਮੰਦੇ ਸੁਆਦ ਲੈਂਦਾ ਰਿਹਾ), ਉਸ ਨੇ ਆਪਣੀ ਉਮਰ ਵਿਅਰਥ ਹੀ ਗਵਾ ਲਈ।

***ਸਾਚੁ ਕਹੋਂ, ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ, ਤਿਨ ਹੀ ਪ੍ਰਭ ਪਾਇਓ॥ ੯॥***

**ਅਰਥ :** ਸਾਰੇ ਜਣੇ ਧਿਆਨ ਨਾਲ ਸੁਣ ਲਵੋ, ਮੈਂ ਸੱਚ ਕਹਿੰਦਾ ਹਾਂ (ਸੱਚੀ ਗੱਲ ਇਹ ਜੇ) ਕਿ ਜਿਸ ਨੇ ਪਰਮਾਤਮਾ ਨਾਲ ਪਿਆਰ ਕੀਤਾ ਹੈ, ਉਸ ਨੂੰ ਹੀ ਪਰਮਾਤਮਾ ਲੱਭਾ ਹੈ॥ ੯॥

**ਭਾਵ** : ਨਾ ਤਾਂ ਬਗੁਲ-ਸਮਾਧੀਆਂ ਤੇ ਤੀਰਥ-ਇਸ਼ਨਾਨਾਂ ਨਾਲ ਰੱਬ ਮਿਲਦਾ ਹੈ, ਨਾ ਹੀ ਵਿਸ਼ੇ ਵਿਕਾਰਾਂ ਵਿਚ ਪਏ ਰਹਿਣਾ ਜੀਵਨ-ਮਨੋਰਥ ਹੈ; ਪਰਮਾਤਮਾ ਨਾਲ ਪਿਆਰ ਕਰਨਾ ਸਿੱਖੋ, 'ਪਿਆਰ' ਹੀ ਰੱਬ ਨਾਲ ਮਿਲਾ ਸਕਦਾ ਹੈ।

**ਸ਼ਬਦ ਉਚਾਰਨ** :

(ੳ) 'ਨਾਤ' ਦਾ ਉਚਾਰਨ 'ਨ੍ਹਾਤ' ਕਰਨਾ ਹੈ।

(ਅ) ਬਿਖਿਆਨ ਦਾ ਉਚਾਰਨ ਬਖਿਆਨ ਕਰਨਾ ਅਸ਼ੁੱਧ ਹੈ।

***ਕਾਹੂ ਲੈ ਪਾਹਨ ਪੂਜ ਧਰਯੋ ਸਿਰ***
***ਕਾਹੂ ਲੈ ਲਿੰਗ ਗਰੇ ਲਟਕਾਇਓ॥***

**ਪਦ-ਅਰਥ** : **ਕਾਹੂ**—ਕਿਸੇ ਨੇ। **ਪਾਹਨ**—ਪੱਥਰ। **ਪੂਜ ਧਰਯੋ ਸਿਰ**—ਪੂਜ ਕੇ ਸਿਰ ਉੱਤੇ ਰੱਖਿਆ। **ਲਿੰਗ**—ਸ਼ਿਵਲਿੰਗ। **ਗਰੇ**—ਗਲ ਵਿਚ।

**ਅਰਥ** : ਕਿਸੇ ਨੇ ਪੱਥਰ (ਭਾਵ, ਸਾਲਗਰਾਮ) ਲੈ ਕੇ ਪੂਜਾ ਕਰ ਕੇ ਉਸ ਨੂੰ ਸਿਰ ਉੱਤੇ ਰੱਖਿਆ ਹੈ (ਭਾਵ ਸਾਲਗਰਾਮ ਅੱਗੇ ਸਿਰ ਨਿਵਾਇਆ ਹੈ, ਉਸ ਨੂੰ ਮੱਥਾ ਟੇਕਿਆ ਹੈ)। ਕਿਸੇ ਕੇ ਸ਼ਿਵ-ਲਿੰਗ ਲੈ ਕੇ ਗਲ ਵਿਚ ਲਮਕਾਇਆ ਹੋਇਆ ਹੈ।

***ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ***
***ਕਾਹੂ ਪਛਾਹ ਕੋ ਸੀਸੁ ਨਿਵਾਇਓ॥***

**ਪਦ-ਅਰਥ** : **ਲਖਿਓ**—ਵੇਖਿਆ, ਜਾਣਿਆ, ਸਮਝਿਆ। **ਅਵਾਚੀ ਦਿਸਾ**—ਦੱਖਣ ਦਾ ਪਾਸਾ, ਜਿਧਰ ਕ੍ਰਿਸ਼ਨ ਜੀ ਦਾ ਨਿਵਾਸ ਥਾਂ, ਦੁਆਰਕਾ ਮੰਦਰ ਹੈ। **ਪਛਾਹ ਕੋ**—ਪੱਛਮ ਵੱਲ।

**ਅਰਥ** : ਕਿਸੇ (ਹਿੰਦੂ) ਨੇ ਵਾਹਿਗੁਰੂ ਨੂੰ ਦੱਖਣ ਦੇ ਪਾਸੇ (ਦੁਆਰਕਾ ਵਿੱਚ) ਹੀ ਵੱਸਦਾ ਜਾਣਿਆ ਹੈ, ਕਿਸੇ (ਮੁਸਲਮਾਨ) ਨੇ ਪੱਛਮ ਵਾਲੇ ਪਾਸੇ ਨਿਰਾ ਕਾਅਬੇ ਨੂੰ ਰੱਬ ਦਾ ਘਰ ਸਮਝ ਕੇ ਪੱਛਮ ਵੱਲ ਸਿਰ ਝੁਕਾਇਆ ਹੈ।

***ਕੋਊ ਬੁਤਾਨ ਕੋ ਪੂਜਤ ਹੈ ਪਸੁ***
***ਕੋਊ ਮ੍ਰਿਤਾਨ ਕੋ ਪੂਜਨ ਧਾਇਓ॥***

**ਪਦ-ਅਰਥ** : **ਕੋਊ**—ਕੋਈ। **ਬੁਤਾਨ**—ਬੁੱਤਾਂ, ਮਿੱਟੀ ਪੱਥਰ ਆਦਿ ਦੀਆਂ ਮੂਰਤੀਆਂ। **ਪਸੁ**—ਪਸ਼ੂ, ਮੂਰਖ। **ਮ੍ਰਿਤਾਨ**—ਮੁਰਦੇ, ਕਬਰਾਂ।

**ਅਰਥ** : ਕੋਈ ਮੂਰਖ ਬੁੱਤਾਂ ਨੂੰ ਰੱਬ ਸਮਝ ਕੇ ਪੂਜਦਾ ਹੈ, ਕੋਈ ਮੁਰਦਿਆਂ ਜਾਂ ਕਬਰਾਂ ਨੂੰ ਪੂਜਣ ਲਈ ਭੱਜਾ ਫਿਰਦਾ ਹੈ।

***ਕੂਰ ਕ੍ਰਿਆ ਉਰਝਿਓ ਸਭ ਹੀ ਜਗ***
***ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥ ੧੦ ॥***

**ਪਦ-ਅਰਥ :** **ਕੂਰ**—ਕੂੜ, ਝੂਠੀ। **ਕ੍ਰਿਆ**—ਕੰਮ, ਰਸਮ। **ਉਰਝਿਓ**—ਰੁੱਝਾ ਹੋਇਆ, ਫਸਿਆ ਹੋਇਆ। **ਸ੍ਰੀ ਭਗਵਾਨ**—ਵਾਹਿਗੁਰੂ।

**ਅਰਥ :** ਸਾਰਾ ਹੀ ਜੱਗ ਝੂਠੀਆਂ ਰਸਮਾਂ (ਝੂਠਿਆਂ ਕੰਮਾਂ) ਵਿਚ ਰੁੱਝਿਆ ਜਾਂ ਫਸਿਆ ਹੋਇਆ ਹੈ, ਪਰਮਾਤਮਾ ਦਾ ਭੇਦ ਕਿਸੇ ਨਹੀਂ ਪਾਇਆ ॥ ੧੦ ॥

**ਭਾਵ :** ਸਾਲਗਰਾਮ, ਸ਼ਿਵ-ਲਿੰਗ, ਬੁੱਤ ਜਾਂ ਕਬਰਾਂ ਦੀ ਪੂਜਾ; ਰੱਬ ਨੂੰ ਕਿਸੇ ਖਾਸ ਇੱਕੋ ਥਾਂ ਵਸਦਾ ਸਮਝ ਕੇ ਉਸ ਪਾਸੇ ਹੀ ਸਿਰ ਨਿਵਾਈ ਜਾਣਾ—ਇਹਨੀਂ ਗੱਲੀਂ ਵੀ ਪਰਮਾਤਮਾ ਦੇ ਮਿਲਣ ਦਾ ਭੇਤ ਨਹੀਂ ਮਿਲਦਾ।

**ਸ਼ਬਦ ਉਚਾਰਨ :**

(ੳ) 'ਕੋਊ ਬੁਤਾਨ ਕੋ ਪੂਜਤ ਹੈ ਪਸੁ' ਤੁਕ ਵਿਚ 'ਪਸੁ' ਤੋਂ ਬਾਅਦ ਬਿਸ੍ਰਾਮ ਦੇਣਾ ਹੈ।

(ਅ) ਪਸੁ ਦਾ ਉਚਾਰਨ ਪਸੂ ਨਹੀਂ ਕਰਨਾ।

# ਚੌਪਈ ਸਟੀਕ

ੴ ਸਤਿਗੁਰ ਪ੍ਰਸਾਦਿ ॥

ਤ੍ਵ ਪ੍ਰਸਾਦਿ ॥ ਚੌਪਈ ॥

ਪਾਤਿਸ਼ਾਹੀ ੧੦

**ਪਦ-ਅਰਥ :** ਤ੍ਵ—ਤਵ, ਤੇਰੀ। ਪ੍ਰਸਾਦਿ—ਪ੍ਰਸਾਦ ਦੁਆਰਾ, ਕਿਰਪਾ ਨਾਲ।

**ਅਰਥ :** (ਹੇ ਪ੍ਰਭੂ!) ਤੇਰੀ ਕਿਰਪਾ ਨਾਲ (ਮੈਂ ਇਹ ਬਾਣੀ ਉਚਾਰਦਾ ਹਾਂ)।

## ਚੌਪਈ ॥

ਚੌਪਈ—ਚੌ - ਪਈ, ਚਾਰ ਪਦਾਂ ਵਾਲੀ, ਚਾਰ ਤੁਕਾਂ ਵਾਲੀ, ਉਹ ਬਾਣੀ ਜਿਸ ਦੇ ਹਰੇਕ ਬੰਦ ਵਿਚ ਚਾਰ ਤੁਕਾਂ ਹਨ।

*ਪ੍ਰਣਵੋ ਆਦਿ ਏਕੰਕਾਰਾ ॥*
*ਜਲਿ ਥਲਿ ਮਹੀਅਲਿ ਕੀਓ ਪਸਾਰਾ ॥*
*ਆਦਿ ਪੁਰਖੁ ਅਬਿਗਤ ਅਬਿਨਾਸੀ ॥*
*ਲੋਕ ਚੱਤ੍ਰ ਦਸ ਜੋਤਿ ਪ੍ਰਕਾਸੀ ॥ ੧ ॥*

**ਪਦ-ਅਰਥ :** ਪ੍ਰਣਵੋ—ਪ੍ਰਣਵਉ, ਮੈਂ ਪ੍ਰਨਾਮ ਕਰਦਾ ਹਾਂ, ਮੈਂ ਨਿਉਂਦਾ ਹਾਂ, ਮੈਂ ਸਿਰ ਨਿਵਾਂਦਾ ਹਾਂ। ਆਦਿ—ਮੁੱਢ, ਮੂਲ, ਸ਼ੁਰੂ, ਜੋ ਸਾਰੀ ਸ੍ਰਿਸ਼ਟੀ ਦਾ ਮੂਲ ਹੈ, ਜਿਸ ਤੋਂ ਸਾਰੀ ਸ੍ਰਿਸ਼ਟੀ ਬਣੀ ਹੈ। ਏਕੰਕਾਰਾ—ਇਕ ਓਅੰਕਾਰ, ਇਕ ਪਰਮਾਤਮਾ ਜੋ ਇਕ-ਰਸ ਵਿਆਪਕ ਹੈ। ਥਲਿ—ਧਰਤੀ ਦੇ ਅੰਦਰ। ਮਹੀਅਲਿ—ਮਹੀ ਤਲਿ, ਧਰਤੀ ਦੇ ਤਲੇ ਉੱਤੇ, ਧਰਤੀ ਉੱਪਰ (ਭਾਵ), ਧਰਤੀ ਦੇ ਉਪਰਲੇ ਖੁਲ੍ਹੇ ਪੁਲਾੜ ਵਿਚ, ਆਕਾਸ਼ ਵਿਚ। ਪਸਾਰਾ—ਖਿਲਾਰਾ। ਪੁਰਖ—ਜੋ ਹਰੇਕ ਜੀਵ ਵਿਚ ਮੌਜੂਦ ਹੈ। ਅਬਿਗਤੁ—ਅਦ੍ਰਿਸ਼ਟ, ਜੋ ਇਹਨਾਂ ਅੱਖਾਂ ਨਾਲ ਦਿੱਸਦਾ ਨਹੀਂ। ਚਤੁਰਦਸ—ਚਾਰ ਤੇ ਦਸ, ਚੌਦ੍ਹਾਂ। ਚਤੁਰਦਸ ਲੋਕ—ਚੌਦ੍ਹਾਂ ਭਵਨਾਂ ਵਿਚ, ਸੱਤ ਆਕਾਸ਼ਾਂ ਤੇ ਸੱਤ ਪਤਾਲਾਂ ਵਿਚ, ਸਾਰੀ ਸ੍ਰਿਸ਼ਟੀ ਵਿਚ। ਪ੍ਰਕਾਸੀ—ਚਾਨਣ ਕੀਤਾ ਹੋਇਆ ਹੈ।

**ਅਰਥ :** ਮੈਂ ਉਸ ਇੱਕ ਇਕ-ਰਸ ਵਿਆਪਕ ਪਰਮਾਤਮਾ ਅੱਗੇ ਸਿਰ ਨਿਵਾਉਂਦਾ ਹਾਂ ਜਿਸ ਤੋਂ ਸਾਰੀ ਸ੍ਰਿਸ਼ਟੀ ਬਣੀ ਹੈ, ਜਿਸ ਨੇ ਜਲ ਵਿਚ, ਧਰਤੀ ਦੇ ਅੰਦਰ ਤੇ ਧਰਤੀ ਦੇ ਉਪਰ ਆਕਾਸ਼ ਵਿਚ ਆਪਣਾ ਆਪ ਪ੍ਰਗਟ ਕੀਤਾ ਹੋਇਆ ਹੈ। (ਮੈਂ ਉਸ ਪਰਮਾਤਮਾ ਨੂੰ ਨਮਸਕਾਰ ਕਰਦਾ ਹਾਂ) ਜੋ ਸਾਰੀ ਸ੍ਰਿਸਟੀ ਦਾ ਮੂਲ ਹੈ, ਜੋ ਸਭ ਜੀਵਾਂ ਵਿਚ ਮੌਜੂਦ ਹੈ, (ਇਹਨਾਂ ਅੱਖਾਂ ਨਾਲ ਸਾਨੂੰ) ਦਿੱਸਦਾ ਨਹੀਂ, ਜੋ ਕਦੇ ਨਾਸ਼ ਹੋਣ ਵਾਲਾ ਨਹੀਂ ਹੈ, ਤੇ ਜਿਸ ਨੇ ਚੌਦ੍ਹਾਂ ਹੀ ਭਵਨਾਂ ਵਿਚ ਆਪਣੇ ਨੂਰ ਨਾਲ ਚਾਨਣ ਕੀਤਾ ਹੋਇਆ ਹੈ ॥ ੧ ॥

*ਹਸਤਿ ਕੀਟ ਕੇ ਬੀਚ ਸਮਾਨਾ॥*
*ਰਾਵ ਰੰਕ ਜਿਹ ਇਕ ਸਰ ਜਾਨਾ॥*
*ਅਦ੍ਵੈ ਅਲਖੁ ਪੁਰਖੁ ਅਬਿਗਾਮੀ॥*
*ਸਭ ਘਟ ਘਟ ਕੇ ਅੰਤਰਜਾਮੀ॥ ੨॥*

**ਪਦ-ਅਰਥ :** ਹਸਤਿ—ਹਾਥੀ (ਨੋਟ—ਲਫਜ਼ 'ਹਸਤ' ਅਤੇ 'ਹਸਤਿ' ਦਾ ਫ਼ਰਕ ਚੇਤੇ ਰੱਖਣਾ। ਹਸਤ—ਹੱਥ, ਸੁੰਡ। ਹਸਤਿ—ਹਾਥੀ ਵਾਲਾ, ਸੁੰਡ ਵਾਲਾ, ਹਾਥੀ)। ਕੀਟ—ਕੀੜਾ (ਸੰਸਕ੍ਰਿਤ ਦਾ ਅੱਖਰ 'ਟ' ਪ੍ਰਾਕ੍ਰਿਤ ਅਤੇ ਪੰਜਾਬੀ ਵਿਚ 'ੜ' ਬਣ ਗਿਆ ਹੈ, ਜਿਵੇਂ ਸੰਸਕ੍ਰਿਤ 'ਕਟਕ' ਤੋਂ ਪੰਜਾਬੀ ਲਫ਼ਜ਼ 'ਕੜਾ' ਹੈ, ਜਿਵੇਂ ਸੰਸਕ੍ਰਿਤ 'ਨਿਕਟਿ' ਤੋਂ ਪੰਜਾਬੀ ਲਫ਼ਜ਼ 'ਨੇੜੇ' ਹੈ)। **ਰਾਵ**—ਅਮੀਰ, ਰਾਜਾ। **ਰੰਕ**—ਕੰਗਾਲ। **ਜਿਹ**—ਜਿਸ ਪਰਮਾਤਮਾ ਨੇ। **ਇਕ-ਸਾਰ**—ਇਕੋ ਜਿਹੇ, ਬਰਾਬਰ। **ਜਾਨ**—ਜਾਣਿਆ ਹੈ, ਸਾਂਝ ਪਈ ਹੈ, ਪਿਆਰ ਕੀਤਾ ਹੈ। **ਅਦ੍ਵੈ**—ਅ+ਦ੍ਵੈ, ਅ+ਦੂਜ; ਜਿਸ ਦੇ ਸਾਰੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ। **ਅਬਿਗਾਮੀ**—[ਸੰ: ਅਵਿਗਮ-Unseparaed, Un-removed] ਜੋ ਵੱਖ ਨਹੀਂ ਕੀਤਾ ਜਾ ਸਕਦਾ। **ਅੰਤਰਜਾਮੀ**—[ਜਾ—ਯਾ, ਜਾਣਾ, ਅੱਪੜਨਾ] ਅੰਦਰ ਅੱਪੜ ਜਾਣ ਵਾਲਾ। **ਘਟ ਘਟ ਕੇ**—ਹਰੇਕ ਹਿਰਦੇ ਦੇ।

**ਅਰਥ :** (ਮੈਂ ਉਸ ਪਰਮਾਤਮਾ ਅੱਗੇ ਸਿਰ ਨਿਵਾਉਂਦਾ ਹਾਂ) ਜੋ ਹਾਥੀ (ਤੋਂ ਲੈ ਕੇ) ਕੀੜੇ (ਤੱਕ ਹਰੇਕ ਜੀਵ) ਵਿਚ ਸਮਾਇਆ ਹੋਇਆ ਹੈ, ਜਿਸ ਨੇ ਗ਼ਰੀਬ ਤੇ ਅਮੀਰ ਹਰੇਕ ਨਾਲ ਇਕੋ ਜਿਹੀ ਸਾਂਝ ਪਾਈ ਹੋਈ ਹੈ, ਜਿਸ ਵਰਗਾ ਕੋਈ ਹੋਰ ਦੂਜਾ ਨਹੀਂ ਹੈ, ਜਿਸ ਦੇ ਸਾਰੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ, ਜੋ ਸਭ ਜੀਵਾਂ ਵਿਚ ਮੌਜੂਦ ਹੈ, ਜਿਸ ਨੂੰ (ਜੀਵਾਂ ਤੋਂ) ਵੱਖ ਨਹੀਂ ਕੀਤਾ ਜਾ ਸਕਦਾ, ਅਤੇ ਜੋ ਸਭ ਜੀਵਾਂ ਦੇ ਹਿਰਦਿਆਂ ਦੇ ਅੰਦਰ ਤੱਕ ਪਹੁੰਚ ਵਾਲਾ ਹੈ॥ ੨॥

*ਅਲਖ ਰੂਪ ਅਛੈ ਅਨ ਭੇਖਾ॥*
*ਰਾਗ ਰੰਗ ਜਿਹ ਰੂਪ ਨ ਰੇਖਾ॥*
*ਬਰਨ ਚਿਹਨ ਸਭ ਹੂੰ ਤੇ ਨਿਆਰਾ॥*
*ਆਦਿ ਪੁਰਖ ਅਦ੍ਵੈ ਅਬਿਕਾਰਾ॥ ੩॥*

**ਪਦ-ਅਰਥ :** ਅਲਖ—ਬਿਆਨ ਤੋਂ ਪਰੇ। **ਅਲਖ ਰੂਪ**—ਜਿਸ ਦਾ ਸਰੂਪ ਪੂਰੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ। **ਅਛੈ**—ਅ+ਛੈ, ਅ-ਖਯ, ਨਾਸ-ਰਹਿਤ, ਜੋ ਨਾਸ ਨਹੀਂ ਹੋ ਸਕਦਾ। **ਭੇਖ**—ਧਾਰਮਿਕ ਲਿਬਾਸ। **ਅਨ-ਭੇਖਾ**—ਜਿਸ ਦਾ ਕੋਈ ਖਾਸ ਧਾਰਮਿਕ ਲਿਬਾਸ ਨਹੀਂ ਹੈ। **ਜਿਹ**—ਜਿਸ ਦਾ, ਜਿਸ ਨੂੰ। **ਰਾਗ ਰੰਗ**—ਮੋਹ ਦੀ ਰੰਗਣ। **ਰੇਖਾ**—ਲਕੀਰਾਂ, ਚਿਹਨ, ਨਿਸ਼ਾਨ। **ਰੂਪ ਰੇਖਾ**—ਸਰੂਪ ਦੇ ਖਾਸ ਚਿਹਨ, ਸਰੂਪ ਦਾ ਖਾਸ ਹੁਲੀਆ। **ਬਰਨ**—ਰੰਗ, ਬ੍ਰਾਹਮਣ ਖੱਤ੍ਰੀ ਆਦਿਕ ਜਾਤੀ। **ਨਿਆਰਾ**—ਨਿਰਾਲਾ, ਵੱਖਰਾ। **ਅਬਿਕਾਰਾ**—ਅਬਿਕਾਰ (**ਬਿਕਾਰ**—ਤਬਦੀਲੀ) changeless, ਜਿਸ ਵਿਚ ਕੋਈ ਤਬਦੀਲੀ ਨਹੀਂ ਆਉਂਦੀ, ਜਿਸ ਦੇ ਸੁਭਾਅ ਵਿਚ

ਕੋਈ ਫ਼ਰਕ ਨਹੀਂ ਪੈਂਦਾ।

ਅਰਥ : (ਮੈਂ ਉਸ ਪਰਮਾਤਮਾ ਅੱਗੇ ਆਪਣਾ ਸਿਰ ਨਿਵਾਉਂਦਾ ਹਾਂ) ਜਿਸ ਦਾ ਸਹੀ ਸਰੂਪ ਪੂਰੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ, ਜੋ ਕਦੇ ਨਾਸ ਨਹੀਂ ਹੁੰਦਾ, ਜੋ ਕਿਸੇ ਖਾਸ ਧਾਰਮਿਕ ਲਿਬਾਸ ਉੱਤੇ ਨਹੀਂ ਰੀਝਦਾ, ਜਿਸ ਨੂੰ ਮੋਹ ਦੀ ਰੰਗਣ ਨਹੀਂ ਹੈ, ਅਤੇ ਜਿਸ ਦੇ ਸਰੂਪ ਦਾ ਕੋਈ ਖਾਸ ਹੁਲੀਆ ਦੱਸਿਆ ਨਹੀਂ ਜਾ ਸਕਦਾ।

(ਮੈਂ ਉਸ ਪ੍ਰਭੂ ਨੂੰ ਨਮਸਕਾਰ ਕਰਦਾ ਹਾਂ) ਜੋ ਬ੍ਰਾਹਮਣ, ਖੱਤਰੀ ਆਦਿਕ ਜਾਤੀਆਂ ਦੇ ਚਿਹਨਾਂ ਤੋਂ ਨਿਰਾਲਾ ਹੈ, ਜੋ ਸਾਰੀ ਹੀ ਸ੍ਰਿਸ਼ਟੀ ਦਾ ਬਣਾਉਣ ਵਾਲਾ ਹੈ, ਜੋ ਸਭ ਜੀਵਾਂ ਵਿਚ ਮੌਜੂਦ ਹੈ, ਜਿਸ ਵਰਗਾ ਕੋਈ ਹੋਰ ਦੂਜਾ ਨਹੀਂ ਹੈ, ਅਤੇ ਜਿਸ ਦੇ ਸੁਭਾਅ ਵਿਚ ਕਦੇ ਕੋਈ ਫ਼ਰਕ ਨਹੀਂ ਪੈਦਾ॥ ੩॥

*ਬਰਨ ਚਿਹਨ ਜਿਹ ਜਾਤ ਨ ਪਾਤਾ॥*
*ਸੱਤ੍ਰ ਮਿੱਤ੍ਰ ਜਿਹ ਤਾਤ ਨ ਮਾਤਾ॥*
*ਸਭ ਤੇ ਦੂਰਿ, ਸਭਨ ਤੇ ਨੇਰਾ॥*
*ਜਲਿ ਥਲਿ ਮਹੀਅਲਿ ਜਾਹਿ ਬਸੇਰਾ॥ ੪॥*

ਪਦ-ਅਰਥ : ਚਿਹਨ—ਨਿਸ਼ਾਨ। ਜਿਹ—ਜਿਸ ਦਾ। ਪਾਤਾ—ਪਾਤਿ, ਕੁਲ। ਸੱਤ੍ਰ—ਵੈਰੀ। ਤਾਤ—ਪਿਤਾ। ਜਾਹਿ—ਜਿਸ (ਪਰਮਾਤਮਾ) ਦਾ। ਬਸੇਰਾ—ਵਾਸ, ਟਿਕਾਣਾ। ਮਹੀਅਲਿ—ਮਹੀ ਤਲਿ, (ਮਹੀ—ਧਰਤੀ) ਧਰਤੀ ਦੇ ਤਲੇ ਉੱਤੇ, ਧਰਤੀ ਦੇ ਉਪਰ ਆਕਾਸ਼ ਵਿਚ।

ਅਰਥ : (ਮੈਂ ਉਸ ਪਰਮਾਤਮਾ ਅੱਗੇ ਆਪਣਾ ਸਿਰ ਨਿਵਾਉਂਦਾ ਹਾਂ) ਜਿਸ ਦਾ ਬ੍ਰਾਹਮਣ, ਖੱਤਰੀ ਆਦਿਕ ਕਿਸੇ ਵਰਣ ਦਾ ਕੋਈ ਚਿਹਨ ਨਹੀਂ ਹੈ, ਜਿਸ ਦਾ ਕੋਈ ਵੈਰੀ ਨਹੀਂ, ਕੋਈ ਮਿੱਤਰ ਨਹੀਂ, ਜਿਸ ਦੀ ਕੋਈ ਮਾਂ ਨਹੀਂ ਹੈ, ਜਿਸ ਦਾ ਕੋਈ ਪਿਉ ਨਹੀਂ।

(ਮੈਂ ਉਸ ਪ੍ਰਭੂ ਨੂੰ ਨਮਸਕਾਰ ਕਰਦਾ ਹਾਂ) ਜੋ ਸਭ ਜੀਵਾਂ ਤੋਂ ਦੂਰ (ਵੱਖਰਾ ਵੀ) ਹੈ ਤੇ ਜੋ ਸਭ ਜੀਵਾਂ ਦੇ ਨੇੜੇ (ਅੰਗ ਸੰਗ ਵੀ) ਰਹਿੰਦਾ ਹੈ, ਜਿਸ ਦਾ ਨਿਵਾਸ ਜਲ ਵਿਚ ਹੈ, ਧਰਤੀ ਦੇ ਅੰਦਰ ਹੈ ਤੇ ਧਰਤੀ ਦੇ ਉਪਰ ਆਕਾਸ਼ ਵਿਚ ਵੀ ਹੈ॥ ੪॥

*ਅਨਹਦ ਰੂਪ ਅਨਾਹਦ ਬਾਨੀ॥*
*ਚਰਨ ਸਰਨ ਜਿਹ ਬਸਤ ਭਵਾਨੀ॥*
*ਬ੍ਰਹਮਾ ਬਿਸ਼ਨ ਅੰਤੁ ਨਹੀ ਪਾਇਓ॥*
*ਨੇਤਿ ਨੇਤਿ ਮੁਖ ਚਾਰ ਬਤਾਇਓ॥ ੫॥*

**ਪਦ-ਅਰਥ** : **ਅਨਹਦ**—(All-pervading) ਸਰਬ-ਵਿਆਪਕ, ਇਕ-ਰਸ। **ਅਨਹਦ ਰੂਪ**—ਉਹ ਪ੍ਰਭੂ ਜਿਸ ਦਾ ਸਰੂਪ ਹਰ ਥਾਂ ਇਕ-ਰਸ ਹੈ, ਜਿਸ ਦੀ ਹਸਤੀ ਸਰਬ-ਵਿਆਪਕ ਹੈ। **ਬਾਨੀ**—ਜੀਵਨ ਰੌ। **ਅਨਾਹਦ-ਬਾਨੀ**—ਉਹ ਪਰਮਾਤਮਾ ਜਿਸ ਦੀ ਜੀਵਨ ਰੌ ਹਰ ਥਾਂ ਇਕ-ਰਸ ਮੌਜੂਦ ਹੈ। **ਜਿਹ ਚਰਨ ਸਰਨ**—ਜਿਸ ਦੇ ਚਰਨਾਂ ਦੀ ਓਟ ਵਿਚ। **ਭਵਾਨੀ**—ਦੇਵੀ, ਦੁਰਗਾ। **ਨੇਤਿ**—ਨ-ਇਤਿ, ਇਹੋ ਜਿਹਾ ਨਹੀਂ। **ਨੇਤਿ ਨੇਤਿ**—ਇਹੋ ਜਿਹਾ ਨਹੀਂ, ਇਹੋ ਜਿਹਾ ਨਹੀਂ, ਭਾਵ, ਜਗਤ ਵਿਚ ਕੋਈ ਵੀ ਉਸ ਪਰਮਾਤਮਾ ਜਿਹਾ ਨਹੀਂ ਹੈ। **ਮੁਖਚਾਰ**—ਚਾਰ ਮੁਖਾਂ ਵਾਲੇ ਨੇ, ਬ੍ਰਹਮਾ ਨੇ। **ਬਤਾਇਓ**—ਦੱਸਿਆ, ਆਖਿਆ।

**ਅਰਥ** : (ਮੈਂ ਉਸ ਪਰਮਾਤਮਾ ਅਗੇ ਆਪਣਾ ਸਿਰ ਨਿਵਾਉਂਦਾ ਹਾਂ) ਜਿਸ ਦੀ ਹਸਤੀ (ਸਾਰੇ ਹੀ ਜਗਤ ਵਿਚ) ਸਰਬ-ਵਿਆਪਕ ਹੈ, ਜਿਸ ਦੀ ਜੀਵਨ ਰੌ ਹਰ ਥਾਂ ਇਕ-ਰਸ ਮੌਜੂਦ ਹੈ। ਦੁਰਗਾ ਵੀ ਜਿਸ ਦੇ ਚਰਨਾਂ ਦਾ ਆਸਰਾ ਲੈ ਰਹੀ ਹੈ।

(ਮੈਂ ਉਸ ਪ੍ਰਭੂ ਨੂੰ ਨਮਸਕਾਰ ਕਰਦਾ ਹਾਂ) ਬ੍ਰਹਮਾ ਅਤੇ ਵਿਸ਼ਨੂੰ ਵੀ ਜਿਸ ਦੇ (ਗੁਣਾਂ) ਦਾ ਅੰਤ ਨਹੀਂ ਪਾ ਸਕੇ, ਜਿਸ ਦੀ ਬਾਬਤ ਬ੍ਰਹਮਾ ਨੇ ਆਖਿਆ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ ਹੈ, ਉਸ ਜਿਹਾ ਹੋਰ ਕੋਈ ਨਹੀਂ ਹੈ॥ ੫॥

***ਕੋਟਿ ਇੰਦ੍ਰ ਉਪਇੰਦ੍ਰ ਬਨਾਏ॥***
***ਬ੍ਰਹਮਾ ਰੁਦ੍ਰ ਉਪਾਇ ਖਪਾਇ॥***
***ਲੋਕ ਚੱਤ੍ਰ ਦਸ ਖੇਲੁ ਰਚਾਇਓ॥***
***ਬਹੁਰ ਆਪ ਹੀ ਬੀਚ ਮਿਲਾਇਓ॥ ੬॥***

**ਪਦ-ਅਰਥ** : **ਕੋਟਿ**—ਕਰੋੜ। **ਉਪਇੰਦ੍ਰ**—ਵਿਸ਼ਨੂੰ ਦਾ ਪੰਜਵਾਂ ਅਵਤਾਰ, ਜਿਸ ਨੂੰ ਵਾਮਨ-ਅਵਤਾਰ ਆਖਦੇ ਹਨ, ਇਹ ਇੰਦ੍ਰ ਦਾ ਛੋਟਾ ਭਰਾ ਸੀ। **ਰੁਦ੍ਰ**—ਸ਼ਿਵ। **ਉਪਾਇ**—ਪੈਦਾ ਕਰ ਕੇ। **ਖੇਲੁ**—ਤਮਾਸ਼ਾ। **ਬਹੁਰਿ**—ਮੁੜ। **ਆਪ ਹੀ ਬੀਚ**—ਆਪਣੇ ਵਿਚ ਹੀ।

**ਅਰਥ** : (ਮੈਂ ਉਸ ਪਰਮਾਤਮਾ ਅਗੇ ਸਿਰ ਨਿਵਾਉਂਦਾ ਹਾਂ) ਜਿਸ ਨੇ (ਇੱਕ ਨਹੀਂ ਕਰੋੜਾਂ ਹੀ ਇੰਦ੍ਰ ਦੇਵਤੇ ਅਤੇ ਵਾਮਨ ਅਵਤਾਰ ਪੈਦਾ ਕੀਤੇ ਹਨ, ਜੋ ਕਰੋੜਾਂ ਹੀ ਬ੍ਰਹਮਾ ਅਤੇ ਸ਼ਿਵ ਪੈਦਾ ਕਰ ਕੇ ਨਾਸ ਕਰ ਦੇਂਦਾ ਹੈ।

(ਮੈਂ ਉਸ ਪ੍ਰਭੂ ਨੂੰ ਨਮਸਕਾਰ ਕਰਦਾ ਹਾਂ) ਜਿਸ ਨੇ ਇਹ ਚੌਦ੍ਹਾਂ ਭਵਨਾਂ ਦਾ ਤਮਾਸ਼ਾ ਬਣਾਇਆ ਹੈ, ਤੇ (ਜਦੋਂ ਉਹ ਚਾਹੁੰਦਾ ਹੈ ਇਸ ਨੂੰ) ਮੁੜ ਆਪਣੇ ਵਿਚ ਹੀ ਲੀਨ ਕਰ ਲੈਂਦਾ ਹੈ॥ ੬॥

*ਦਾਨਵ ਦੇਵ ਫਨਿੰਦ ਅਪਾਰਾ॥*
*ਗੰਧ੍ਰਬ ਜੱਛ ਰਚੇ ਸੁਭਚਾਰਾ॥*
*ਭੂਤ ਭਵਿੱਖ ਭਵਾਨ ਕਹਾਨੀ॥*
*ਘਟ ਘਟ ਕੇ ਪਟ ਪਟ ਕੀ ਜਾਨੀ॥ ੭॥*

ਪਦ-ਅਰਥ : ਦਾਨਵ—ਦੈਂਤ, ਰਾਖਸ਼। ਫਨਿੰਦ—ਫਣ (ਸੱਪ ਦੀ ਕਲਗੀ)। ਫਣੀ—ਕਲਗੀ ਵਾਲਾ ਸੱਪ। ਫਣਿ-ਇੰਦ੍ਰ—(ਕਲਗੀ ਵਾਲੇ ਸੱਪਾਂ ਦਾ ਰਾਜਾ, ਸੱਪਾਂ ਦਾ ਰਾਜਾ) ਸ਼ੇਸ਼ਨਾਗ। ਅਪਾਰ—ਆ-ਪਾਰ, ਜਿਸ ਦਾ ਪਾਰਲਾ ਬੰਨਾ ਨਾ ਲੱਭ ਸਕੇ, ਜਿਸ ਦੀ ਗਿਣਤੀ ਦਾ ਅਖੀਰਲਾ ਅੰਕ ਨਾ ਮਿਲ ਸਕੇ, ਬੇਅੰਤ, ਅਨਗਿਣਤ। ਗੰਧ੍ਰਬ—ਗੰਧਰਬ, ਦੇਵਤਿਆਂ ਦੇ ਰਾਗੀ। ਜੱਛ—(ਯਖ, ਜੱਖਯ) ਹੌਲੇ ਮੇਲ ਦੇ ਦੇਵਤਿਆਂ ਦੀ ਇਕ ਜਮਾਤ ਜੋ ਧਨ ਦੇ ਦੇਵਤਾ ਕੁਬੇਰ ਦੇ ਸੇਵਕ ਮੰਨੇ ਜਾਂਦੇ ਹਨ ਅਤੇ ਜੋ ਕੁਬੇਰ ਦੇ ਖਜ਼ਾਨਿਆਂ ਤੇ ਬਾਗ਼ਾਂ ਦੀ ਰਾਖੀ ਕਰਦੇ ਹਨ। ਸੁਭਚਾਰਾ—ਸ਼ੁਭ-ਆਚਾਰਾ, ਪਵਿੱਤਰ ਆਚਰਨ ਵਾਲੇ। ਰਚੇ—ਪੈਦਾ ਕੀਤੇ। ਭੂਤ—ਬੀਤ ਚੁਕੇ ਸਮੇਂ ਦੀਆਂ। ਭਵਿੱਖ—ਆਉਣ ਵਾਲੇ ਸਮੇਂ ਦੀਆਂ। ਭਵਾਨ—ਹੁਣ ਬੀਤੀ ਰਹੇ ਸਮੇਂ ਦੀਆਂ। ਕਹਾਣੀ—ਘਟਨਾ, ਕਥਾ। ਪਟ—ਪੜਦਾ।

ਅਰਥ : (ਮੈਂ ਉਸ ਪਰਮਾਤਮਾ ਅੱਗੇ ਆਪਣਾ ਸਿਰ ਨਿਵਾਉਂਦਾ ਹਾਂ) ਜਿਸ ਨੇ ਅਨਗਿਣਤ ਰਾਖਸ਼, ਦੇਵਤੇ ਅਤੇ ਸ਼ੇਸ਼ਨਾਗ ਪੈਦਾ ਕੀਤੇ ਹਨ, ਜਿਸ ਨੇ ਅਨੇਕਾਂ ਹੀ ਗੰਧਰਬ, ਅਨੇਕਾਂ ਹੀ ਜੱਖ ਅਤੇ ਅਨੇਕਾਂ ਹੀ ਪਵਿੱਤਰ-ਆਤਮਾ ਜੀਵ ਰਚੇ ਹਨ।

(ਮੈਂ ਉਸ ਪ੍ਰਭੂ ਨੂੰ ਨਮਸਕਾਰ ਕਰਦਾ ਹਾਂ) ਜਿਸ ਨੇ ਪਿੱਛੇ ਬੀਤ ਚੁਕੇ ਸਮੇਂ ਦੀਆਂ ਕਹਾਣੀਆਂ ਚਲਾ ਦਿੱਤੀਆਂ ਹਨ, ਜੋ ਹੁਣ ਬੀਤ ਰਹੇ ਸਮੇਂ ਦੀਆਂ ਵਾਪਰ ਰਹੀਆਂ ਗੱਲਾਂ ਦੀਆਂ ਕਹਾਣੀਆਂ ਚਲਾ ਰਿਹਾ ਹੈ, ਜੋ ਆਉਣ ਵਾਲੇ ਸਮੇਂ ਦੀਆਂ ਵਾਰਾਂ ਚਲਾਣ ਵਾਲਾ ਹੈ ਅਤੇ ਜੋ ਹਰੇਕ ਜੀਵ ਦੇ ਦਿਲ ਦੀ ਜਾਣਦਾ ਹੈ, ਜੋ ਹਰੇਕ ਦੇ ਅੰਦਰਲੇ ਪੜਦੇ ਦੀ ਜਾਣਦਾ ਹੈ॥ ੭ ॥

ਭਾਵ, ਉਹ ਪ੍ਰਭੂ, ਇਕ ਸ਼ੇਸ਼ਨਾਗ ਨਹੀਂ, ਅਨੇਕਾਂ ਸ਼ੇਸ਼ਨਾਗ ਪੈਦਾ ਕਰਨ ਵਾਲਾ ਹੈ। ਜੋ ਕੁਝ ਜਗਤ ਵਿਚ ਹੁਣ ਤਕ ਹੋਇਆ ਹੈ, ਹੁਣ ਹੋ ਰਿਹਾ ਹੈ, ਅਗਾਂਹ ਨੂੰ ਹੋਵੇਗਾ, ਇਹ ਸਭ ਕੁਝ ਪ੍ਰਭੂ ਦਾ ਹੀ ਕੀਤਾ ਕਰਾਇਆ ਹੋ ਰਿਹਾ ਹੈ।

*ਤਾਤ ਮਾਤ ਜਿਹ ਜਾਤ ਨ ਪਾਤਾ॥*
*ਏਕ ਰੰਗ ਕਾਹੂ ਨਹੀ ਰਾਤਾ॥*
*ਸਰਬ ਜੋਤਿ ਕੇ ਬੀਚ ਸਮਾਨਾ॥*
*ਸਭਹੂੰ ਸਰਬ ਠੌਰ ਪਹਿਚਾਨਾ॥ ੮॥*

ਪਦ-ਅਰਥ : ਤਾਤ—ਪਿਉ। ਜਿਹ—ਜਿਸ ਪਰਮਾਤਮਾ ਦਾ। ਪਾਤ—ਕੁਲ। ਏਕ

ਰੰਗ ਕਾਹੂ ਨਹੀਂ—ਕਿਸੇ ਇਕ ਜਾਤੀ ਜਾਂ ਕੁਲ ਦੇ ਪਿਆਰ ਵਿਚ ਨਹੀਂ। ਰਾਤਾ—ਰੱਤਾ ਹੋਇਆ, ਮਸਤ। ਜੋਤਿ—ਜੀਵ। ਸਭਹੂੰ—ਸਭਨਾਂ ਵਿਚ। ਸਰਬ ਠੌਰ—ਸਭ ਥਾਵਾਂ ਵਿਚ। ਪਹਿਚਾਨਾ—ਪਛਾਣਿਆ ਹੈ, ਮੈਂ ਪਛਾਣ ਲਿਆ ਹੈ, ਮੈਂ ਵੇਖ ਲਿਆ ਹੈ।

**ਅਰਥ** : (ਮੈਂ ਉਸ ਪਰਮਾਤਮਾ ਅੱਗੇ ਆਪਣਾ ਸਿਰ ਨਿਵਾਉਂਦਾ ਹਾਂ) ਜਿਸ ਦੀ ਕੋਈ ਮਾਂ ਨਹੀਂ, ਜਿਸ ਦਾ ਕੋਈ ਪਿਉ ਨਹੀਂ, ਜਿਸ ਦੀ ਕੋਈ ਖਾਸ ਜਾਤੀ ਨਹੀਂ, ਜਿਸ ਦੀ ਕੋਈ ਖਾਸ ਕੁਲ ਨਹੀਂ, ਜੋ ਕਿਸੇ ਇਕ ਜਾਤ ਜਾਂ ਕਿਸੇ ਇਕ ਕੁਲ ਦੇ ਪਿਆਰ ਵਿਚ ਨਹੀਂ ਹੈ।

(ਮੈਂ ਉਸ ਪ੍ਰਭੂ ਨੂੰ ਨਮਸਕਾਰ ਕਰਦਾ ਹਾਂ) ਜੋ ਸਭ ਜੀਵਾਂ ਵਿਚ ਮੌਜੂਦ ਹੈ, ਜਿਸ ਨੂੰ ਮੈਂ ਸਭਨਾਂ ਵਿਚ ਅਤੇ ਸਭ ਥਾਵਾਂ ਵਿਚ (ਵੱਸਦਾ) ਵੇਖਿਆ ਹੈ॥ ੮॥

*ਕਾਲ ਰਹਤ ਅਨ ਕਾਲ ਸਰੂਪਾ॥*
*ਅਲਖ ਪੁਰਖੁ ਅਬਿਗਤ ਅਵਧੂਤਾ॥*
*ਜਾਤਿ ਪਾਤਿ ਜਿਹ ਚਿਹਨ ਨ ਬਰਨਾ॥*
*ਅਬਿਗਤ ਦੇਵ ਅਛੈ ਅਨ ਭਰਮਾ॥ ੯॥*

**ਪਦ-ਅਰਥ** : ਕਾਲ—ਮੌਤ, ਸਮਾਂ। ਕਾਲ ਰਹਿਤ—ਜਿਸ ਉੱਤੇ ਮੌਤ ਦਾ ਜ਼ੋਰ ਨਹੀਂ ਚੱਲ ਸਕਦਾ, ਜਿਸ ਉੱਤੇ ਸਮੇਂ ਦਾ ਅਸਰ ਨਹੀਂ ਪੈਂਦਾ (ਭਾਵ, ਜੋ ਬਿਰਧ ਹੋ ਕੇ ਮੌਤ ਦੇ ਵੱਸ ਨਹੀਂ ਪੈਂਦਾ। ਅਨ ਕਾਲ—ਕਾਲ ਰਹਿਤ। ਸਰੂਪਾ—ਸ੍ਵ+ਰੂਪ, ਆਪਣਾ ਰੂਪ, ਆਪਣਾ ਅਸਲਾ, ਆਪਣਾ ਵਜੂਦ। ਅਨਕਾਲ ਸਰੂਪਾ—ਜਿਸ ਦਾ ਆਪਣਾ ਵਜੂਦ ਮੌਤ-ਰਹਿਤ ਹੈ। ਅਲਖ—ਜਿਸ ਦੇ ਗੁਣ ਗਿਣੇ ਨਹੀਂ ਜਾ ਸਕਦੇ। ਅਬਿਗਤੁ—ਅਦ੍ਰਿਸ਼ਟ। ਅਵਧੂਤ—ਜਿਸ ਨੇ ਮਾਇਆ ਦੇ ਮੋਹ, ਮਾਇਆ ਦੇ ਬੰਧਨ ਮੁਕਾ ਦਿੱਤੇ ਹਨ। ਅਛੈ—ਅ-ਛੈ, ਅ-ਖਯ, ਅਬਿਨਾਸ਼ੀ। ਅਨ-ਭਰਮਾ—ਜੋ ਭਟਕਣਾਂ ਤੋਂ ਪਰੇ ਹੈ। ਅਬਿਗਤ—ਸਰੀਰ-ਰਹਿਤ, ਅਦ੍ਰਿਸ਼ਟ।

**ਅਰਥ** : (ਮੈਂ ਉਸ ਪਰਮਾਤਮਾ ਅੱਗੇ ਆਪਣਾ ਸਿਰ ਨਿਵਾਉਂਦਾ ਹਾਂ) ਜੋ ਮੌਤ-ਰਹਿਤ ਹੈ, ਜਿਸ ਦਾ ਆਪਣਾ ਵਜੂਦ ਸਮੇਂ ਦੇ ਅਸਰ ਹੇਠ ਨਹੀਂ ਹੈ, ਜਿਸ ਦੇ ਗੁਣ ਗਿਣੇ ਨਹੀਂ ਜਾ ਸਕਦੇ, ਜੋ ਸਭ ਜੀਵਾਂ ਵਿਚ ਵਿਆਪਕ ਹੈ, ਜੋ ਇਹਨਾਂ ਅੱਖਾਂ ਨਾਲ ਨਹੀਂ ਦਿੱਸਦਾ ਅਤੇ ਜੋ ਮਾਇਆ ਦੇ ਬੰਧਨਾਂ ਤੋਂ ਪਰੇ ਹੈ।

(ਮੈਂ ਉਸ ਪ੍ਰਭੂ ਨੂੰ ਨਮਸਕਾਰ ਕਰਦਾ ਹਾਂ) ਜਿਸ ਦੀ ਕੋਈ ਖਾਸ ਜਾਤੀ ਨਹੀਂ, ਜਿਸ ਦੀ ਕੋਈ ਖਾਸ ਕੁਲ ਨਹੀਂ, ਜਿਸ ਦਾ ਕੋਈ ਖਾਸ ਹੁਲੀਆ ਨਹੀਂ ਦੱਸਿਆ ਜਾ ਸਕਦਾ, ਜਿਸ ਦਾ ਕੋਈ ਖਾਸ ਵਰਨ ਨਹੀਂ, ਜੋ ਕਿਸੇ ਸਰੀਰ ਵਾਲਾ (ਬ੍ਰਹਮਾ ਸ਼ਿਵ ਆਦਿ) ਦੇਵਤਾ ਨਹੀਂ ਹੈ, ਜਿਸ ਨੂੰ ਕਦੇ ਮੌਤ ਨਹੀਂ ਆਉਂਦੀ ਤੇ ਜੋ ਮਾਇਆ ਦੀ ਭਟਕਣਾ ਤੋਂ ਉਤਾਂਹ ਹੈ॥ ੯॥

*ਸਭ ਕੋ ਕਾਲ, ਸਭਨ ਕੋ ਕਰਤਾ॥*
*ਰੋਗ ਸੋਗ ਦੋਖਨ ਕੋ ਹਰਤਾ॥*
*ਏਕ ਚਿੱਤ ਜਿਹ ਇਕ ਛਿਨ ਧਿਆਇਓ॥*
*ਕਾਲ ਫਾਸ ਕੇ ਬੀਚ ਨ ਆਇਓ॥ ੧੦॥*

**ਪਦ-ਅਰਥ :** **ਸਭ ਕੋ**—ਸਭਨਾਂ ਦਾ, ਸਭ ਜੀਵਾਂ ਦਾ। **ਕਾਲ**—ਮੌਤ, ਨਾਸ ਕਰਨ ਵਾਲਾ। **ਕੋ**—ਦਾ। **ਕਰਤਾ**—ਪੈਦਾ ਕਰਨ ਵਾਲਾ। **ਸੋਗ**—ਚਿੰਤਾ, ਫਿਕਰ। **ਦੋਖ**—ਐਬ਼, ਵਿਕਾਰ, ਪਾਪ। **ਹਰਤਾ**—ਦੂਰ ਕਰਨ ਵਾਲਾ, ਨਾਸ ਕਰਨ ਵਾਲਾ। **ਏਕ ਚਿੱਤ**—ਇਕਾ ਗਰਮਨ ਹੋ ਕੇ, ਮਨ ਜੋੜਦੇ, ਮਨ ਨੂੰ ਉਸ ਪ੍ਰਭੂ ਨਾਲ ਇੱਕ ਰੂਪ ਕਰ ਕੇ। **ਜਿਹ**—ਜਿਸ ਮਨੁੱਖ ਨੇ। **ਇਕ ਛਿਨ**—ਰਤਾ ਕੁ ਸਮੇਂ ਲਈ ਵੀ। **ਫਾਸ**—ਫਾਹੀ। **ਕਾਲ ਫਾਸ ਕੇ ਬੀਚ**—ਮੌਤ ਦੀ ਫਾਹੀ ਵਿਚ, ਮੌਤ ਦੇ ਗੇੜ ਵਿਚ, ਮੌਤ ਦੇ ਸਦਾ ਦੇ ਸਹਿਮ ਵਿਚ।

**ਅਰਥ :** (ਮੈਂ ਉਸ ਪਰਮਾਤਮਾ ਅੱਗੇ ਆਪਣਾ ਸਿਰ ਨਿਵਾਉਂਦਾ ਹਾਂ) ਜੋ ਸਭ ਜੀਵਾਂ ਦਾ ਪੈਦਾ ਕਰਨ ਵਾਲਾ ਹੈ ਤੇ ਸਭ ਜੀਵਾਂ ਦਾ ਨਾਸ ਕਰਨ ਵਾਲਾ ਵੀ ਹੈ, ਜੋ ਸਭ ਜੀਵਾਂ ਦੇ ਰੋਗਾਂ ਤੇ ਪਾਪਾਂ ਨੂੰ ਦੂਰ ਕਰਨ ਦੇ ਸਮਰੱਥ ਹੈ।

ਜਿਸ ਵੀ ਮਨੁੱਖ ਨੇ ਉਸ ਪਰਮਾਤਮਾ ਨੂੰ ਮਨ ਜੋੜ ਕੇ ਰਤਾ ਕੁ ਸਮੇਂ ਲਈ ਵੀ ਯਾਦ ਕੀਤਾ ਹੈ, ਉਹ ਮਨੁੱਖ ਮੌਤ ਦੇ ਸਹਿਮ ਵਿਚੋਂ ਨਿਕਲ ਜਾਂਦਾ ਹੈ॥ ੧੦॥